ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

Vol 20*Issue 84 Wednesday, April 28, 2021 Tel: 905-793-2202 | Fax: 905-793-2282 | news@punjabipost.ca

To view our online newspaper visit punjabipost.ca/epaper THE ONLY DAILY PUNJABI NEWSPAPER ਹੁਣ ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ



Fair Advice Financial | Carte Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6



JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON


## ਇੱਕ ਵਾਰੀ ਫਿਰ ਭਰੋਸੇ ਦਾ ਵੋਟ ਜਿੱਤੇ ਲਿਬਰਲ

ਓਟਵਾ, 27 ਅਪਰੈਲ (ਪੋਸਟ ਬਿਊਰੋ) : ਐਨਡੀਪੀ ਦੀ ਮਦਦ ਨਾਲ ਟਰੂਡੋ ਦੀ ਅਗਵਾਈ ਵਾਲੀ ਲਿਬਰਲ ਸਰਕਾਰ ਭਰੋਸੇ ਦਾ ਤੀਜਾ ਵੋਟ ਹਾਸਲ ਕਰਨ ਵਿੱਚ ਕਾਮਯਾਬ ਹੋ ਗਈ। ਇਸ ਤੋਂ ਇਹ ਸਪਸ਼ਟ ਹੋ ਗਿਆ ਹੈ ਕਿ ਮਹਾਂਮਾਰੀ ਦੌਰਾਨ ਹੁਣ ਚੋਣਾਂ ਨਹੀਂ ਹੋਣਗੀਆਂ।



ਸੋਮਵਾਰ ਨੂੰ ਹਾਊਸ ਆਫ ਕਾਮਨਜ਼ ਵਿੱਚ ਸਰਕਾਰ ਦੀ ਜਨਰਲ ਬਜਟਰੀ ਪਾਲਿਸੀ ਬਾਰੇ ਪੁਆਈ ਗਈ ਵੋਟ ਦਾ ਨਤੀਜਾ ਲਿਬਰਲਾਂ ਦੇ ਹੱਕ ਵਿੱਚ 178 ਤੇ ਵਿਰੋਧ ਵਿੱਚ 157 ਰਿਹਾ। ਬਜਟ ਦੇ ਪੱਖ ਵਿੱਚ ਲਿਬਰਲਾਂ ਨਾਲ ਐਨਡੀਪੀ ਦੇ ਐਮਪੀਜ਼ ਖੜ੍ਹੇ ਰਹੇ। ਐਨਡੀਪੀ ਆਗੂ ਜਗਮੀਤ ਸਿੰਘ ਵੱਲੋਂ ਪਹਿਲਾਂ ਹੀ ਇਹ ਸਪਸ਼ਟ ਕਰ ਦਿੱਤਾ ਗਿਆ ਸੀ ਕਿ ਮਹਾਂਮਾਰੀ ਦੀ ਤੀਜੀ ਤੇ ਘਾਤਕ ਵੇਵ ਦੌਰਾਨ ਉਹ ਚੋਣਾਂ ਦਾ ਮੁੱਢ ਨਹੀਂ ਬੰਨ੍ਹਣਗੇ।

ਕੰਜ਼ਰਵੇਟਿਵ, ਬਲਾਕ ਕਿਊਬਿਕੁਆ ਤੇ ਗ੍ਰੀਨ ਪਾਰਟੀ ਦੇ ਐਮਪੀਜ਼ ਨੇ ਬਜਟ ਦੇ ਖਿਲਾਫ ਵੋਟ ਪਾਈ।

# ਓਨਟਾਰੀਓ ਨੇ ਹੌਟ ਸਪੌਟਸ ਵਿਚ ਕੋਵਿਡ-19 ਵੈਕਸੀਨੇਸ਼ਨ ਲਈ ਘਟਾਈ ਉਮਰ ਦੀ ਹੱਦ

ਚਾਈਲਡ ਕੇਅਰ ਵਰਕਰਜ਼ ਨੂੰ ਵੀ ਵੈਕਸੀਨੇਸ਼ਨ ਲਈ ਦਿੱਤਾ ਗਿਆ ਯੋਗ ਕਰਾਰ

ਟੋਰਾਂਟੋ, 28 ਅਪਰੈਲ (ਪੋਸਟ ਬਿਊਰੋ) : ਓਨਟਾਰੀਓ ਵਿੱਚ ਹੁਣ ਚਾਈਲਡ ਕੇਅਰ ਵਰਕਰਜ਼ ਨੂੰ ਵੀ ਕੋਵਿਡ-19 ਵੈਕਸੀਨੇਸ਼ਨ ਲਈ ਯੋਗ ਕਰਾਰ ਦੇ ਦਿੱਤਾ ਗਿਆ ਹੈ। ਇਸ ਦੇ ਨਾਲ ਹੀ

**ਚਾਈਲਡ ਕੇਅਰ ਵਰਕਰਜ਼ ਨੂੰ ਵੀ ਵੈਕਸੀਨੇਸ਼ਨ ਲਈ ਦਿੱਤਾ ਗਿਆ ਯੋਗ ਕਰਾਰ**

ਪ੍ਰੋਵਿੰਸ਼ੀਅਲ ਬੁਕਿੰਗ ਸਿਸਟਮ ਰਾਹੀਂ ਓਨਟਾਰੀਓ ਦੇ ਹੌਟ ਸਪੌਟਸ ਵਿੱਚ ਕੋਵਿਡ-19 ਦੀ ਵੈਕਸੀਨੇਸ਼ਨ ਲਈ ਬੁਕਿੰਗ ਵਾਸਤੇ ਉਮਰ ਦੀ ਹੱਦ ਘਟਾ ਦਿੱਤੀ ਗਈ ਹੈ।



ਮੰਗਲਵਾਰ ਸਵੇਰੇ ਜਾਰੀ ਕੀਤੀ ਗਈ ਨਿਊਜ਼ ਰਲੀਜ਼ ਵਿੱਚ ਪ੍ਰੋਵਿੰਸ਼ੀਅਲ ਸਰਕਾਰ ਨੇ ਆਖਿਆ ਕਿ ਅੱਜ ਤੋਂ ਸਵੇਰੇ 8:00 ਵਜੇ ਤੋਂ 45 ਸਾਲ ਤੇ ਇਸ ਤੋਂ ਵੱਧ ਉਮਰ ਦੇ ਲੋਕ ਓਨਟਾਰੀਓ ਦੇ 114 ਹਾਈ ਰਿਸਕ ਇਲਾਕਿਆਂ ਵਿੱਚੋਂ ਇੱਕ ਵਿੱਚ ਮਾਸ ਇਮਿਊਨਾਈਜ਼ੇਸ਼ਨ ਕਲੀਨਿਕ ਉੱਤੇ ਵੈਕਸੀਨ ਬੁੱਕ ਕਰਵਾਉਣ ਲਈ ਯੋਗ ਹੋਣਗੇ। ਪਹਿਲਾਂ ਹਾਈ ਰਿਸਕ ਏਰੀਆਜ਼ ਲਈ ਉਮਰ ਦੀ ਹੱਦ 50 ਸਾਲ ਸੀ।

ਸਿਹਤ ਮੰਤਰੀ ਕ੍ਰਿਸਟੀਨ ਐਲੀਅਟ ਨੇ ਆਖਿਆ ਕਿ ਸਾਡੇ ਵੈਕਸੀਨ ਵੰਡ ਸਬੰਧੀ ਫੇਜ਼ ਟੂ ਵਿੱਚ ਹਾਈ ਰਿਸਕ ਕਮਿਊਨਿਟੀਜ਼ ਤੇ ਲੋਕਾਂ ਦੀ ਹਿਫਾਜ਼ਤ ਲਈ ਚੁੱਕਿਆ ਗਿਆ ਇਹ ਵੱਡਾ ਕਦਮ ਹੈ। ਉਨ੍ਹਾਂ ਆਖਿਆ ਕਿ ਵੈਕਸੀਨਜ਼ ਡਲਿਵਰ ਕਰਨ ਲਈ ਆਪਣਾ ਹਰ ਹੀਲਾ ਵਰਤਣ ਨਾਲ ਅਸੀਂ ਇਹ ਯਕੀਨੀ ਬਣਾਉਣਾ ਚਾਹੁੰਦੇ ਹਾਂ ਕਿ ਜਲਦ ਤੋਂ ਜਲਦ ਓਨਟਾਰੀਓ ਵਾਸੀਆਂ ਨੂੰ ਵੈਕਸੀਨੇਟ ਕੀਤਾ ਜਾ ਸਕੇ ਤੇ ਸਾਡੀਆਂ ਕਮਿਊਨਿਟੀਜ਼ ਵਿੱਚ ਕੋਵਿਡ-19 ਸੰਕ੍ਰਮਣ ਆਪਣੇ ਪੈਰ ਹੋਰ ਨਾ ਪਸਾਰ ਸਕੇ। ਉਨ੍ਹਾਂ ਆਖਿਆ ਕਿ ਇਨ੍ਹਾਂ ਹੌਟ ਸਪੌਟਸ ਉੱਤੇ ਮੌਜੂਦ ਤੇ ਇਸ ਉਮਰ ਵਰਗ ਦੇ ਲੋਕਾਂ ਨੂੰ ਆਨਲਾਈਨ ਪ੍ਰੋਵਿੰਸ਼ੀਅਲ ਬੁਕਿੰਗ ਸਿਸਟਮ ਜਾਂ ਕਾਲ ਸੈਂਟਰ ਦੀ ਵਰਤੋਂ ਕਰਨੀ ਚਾਹੀਦੀ ਹੈ।

ਜ਼ਿਕਰਯੋਗ ਹੈ ਕਿ ਇਨ੍ਹਾਂ ਹੌਟ ਸਪੌਟਸ ਉੱਤੇ 18 ਸਾਲ ਤੇ ਇਸ ਤੋਂ ਵੱਧ ਉਮਰ ਦੇ ਬਾਲਗ ਵੀ ਵੈਕਸੀਨ ਲਵਾ ਸਕਦੇ ਹਨ ਪਰ ਅਜਿਹਾ ਲੋਕਲ ਪਬਲਿਕ ਹੈਲਥ ਯੂਨਿਟਸ ਤੇ ਕਮਿਊਨਿਟੀ ਗਰੁੱਪਜ਼ ਵੱਲੋਂ ਆਯੋਜਿਤ ਮੋਬਾਈਲ ਤੇ ਪੌਪ ਅੱਪ ਕਲੀਨਿਕਸ ਰਾਹੀਂ ਹੀ ਹੋ ਸਕਦਾ ਹੈ।

ਸਰਕਾਰ ਵੱਲੋਂ ਇਹ ਵੀ ਆਖਿਆ ਗਿਆ ਹੈ ਕਿ ਲਾਇਸੰਸਸ਼ੁਦਾ ਸੈਟਿੰਗਜ਼ ਵਿੱਚ ਚਾਈਲਡ ਕੇਅਰ ਵਰਕਰਜ਼ ਵੀ ਪ੍ਰੋਵਿੰਸ਼ੀਅਲ ਕਾਲ ਸੈਂਟਰ ਦੇ ਨੰਬਰ 1-833-943-3900 ਦੀ ਵਰਤੋਂ ਕਰਕੇ ਅਪੁਆਇੰਟਮੈਂਟ ਬੁੱਕ ਕਰਵਾ ਸਕਣਗੇ। ਸਪੈਸ਼ਲ ਨੀਡਜ਼ ਵਾਲੇ ਵਿਦਿਆਰਥੀਆਂ ਦੀ ਰੋਜ਼ ਮਦਦ ਕਰਨ ਵਾਲੇ ਐਜੂਕੇਸ਼ਨ ਵਰਕਰਜ਼ ਨੂੰ ਅਪਰੈਲ ਦੇ ਮੱਧ ਵਿੱਚ ਹੀ ਵੈਕਸੀਨੇਸ਼ਨ ਲਈ ਯੋਗ ਕਰਾਰ ਦੇ ਦਿੱਤਾ ਗਿਆ ਸੀ। ਹਾਈ ਰਿਸਕ ਏਰੀਆ ਵਿੱਚ ਰਹਿਣ ਵਾਲੇ ਤੇ ਕੰਮ ਕਰਨ ਵਾਲੇ ਸਾਰੇ ਐਜੂਕੇਸ਼ਨ ਵਰਕਰਜ਼ ਵੀ ਸ਼ੌਟ ਲਈ ਯੋਗ ਹਨ।

## ਕੋਵਿਡ-19 ਨਾਲ ਲੜਨ ਵਿੱਚ ਭਾਰਤ ਦੀ ਮੱਦਦ ਲਈ ਕੈਨੇਡਾ ਭੇਜੇਗਾ 10 ਮਿਲੀਅਨ ਡਾਲਰ

ਓਟਵਾ, 28 ਅਪਰੈਲ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦਾ ਕਹਿਣਾ ਹੈ ਕਿ ਭਾਰਤ ਵਿੱਚ ਕੋਵਿਡ-19 ਦੇ ਪਸਾਰ ਨੂੰ ਰੋਕਣ ਲਈ ਕੈਨੇਡਾ ਵੱਲੋਂ 10 ਮਿਲੀਅਨ ਡਾਲਰ ਭੇਜੇ ਜਾਣਗੇ। ਉਨ੍ਹਾਂ ਆਖਿਆ ਕਿ ਉਸ ਦੇਸ਼ ਦੇ ਹੈਲਥ ਕੇਅਰ ਸਿਸਟਮ ਦੀ ਮਦਦ ਲਈ ਇੰਡੀਅਨ ਰੈੱਡ ਕਰੌਸ ਨੂੰ ਕੈਨੇਡੀਅਨ ਰੈੱਡ ਕਰੌਸ ਰਾਹੀਂ ਇਹ ਰਕਮ ਪਹੁੰਚਾਈ ਜਾਵੇਗੀ।



ਟਰੂਡੋ ਨੇ ਆਖਿਆ ਕਿ ਇਹ ਰਕਮ ਐਂਬੂਲੈਂਸ ਸਰਵਿਸਿਜ਼ ਤੇ ਪਰਸਨਲ ਪ੍ਰੋਟੈਕਟਿਵ ਇਕਿਉਪਮੈਂਟ ਖਰੀਦਣ ਲਈ ਹੋਵੇਗੀ। ਮੰਗਲਵਾਰ ਨੂੰ ਭਾਰਤ ਵਿੱਚ ਕਰੋਨਾਵਾਇਰਸ ਦੇ 323,144 ਨਵੇਂ ਮਾਮਲੇ ਸਾਹਮਣੇ ਆਏ ਤੇ ਹੁਣ ਤੱਕ 17.6 ਮਿਲੀਅਨ ਮਾਮਲੇ ਸਾਹਮਣੇ ਆ ਚੁੱਕੇ ਹਨ ਤੇ ਇਸ ਸਮੇਂ ਭਾਰਤ ਇਸ ਮਾਮਲੇ ਵਿੱਚ ਅਮਰੀਕਾ ਤੋਂ ਬਾਅਦ ਦੂਜੇ ਸਥਾਨ ਉੱਤੇ ਹੈ। ਭਾਰਤ ਦੇ ਸਿਹਤ ਮੰਤਰਾਲੇ ਵੱਲੋਂ ਪਿਛਲੇ 24 ਘੰਟਿਆਂ ਵਿੱਚ 2,771 ਮੌਤਾਂ ਰਿਪੋਰਟ ਕੀਤੀਆਂ ਗਈਆਂ। ਹਰ ਘੰਟੇ ਇਸ ਵਾਇਰਸ ਕਾਰਨ ਭਾਰਤ ਵਿੱਚ ਮਰਨ ਵਾਲਿਆਂ ਦੀ ਗਿਣਤੀ ਅਧਿਕਾਰਕ ਤੌਰ ਉੱਤੇ 115 ਦੱਸੀ ਗਈ ਹੈ ਜਦਕਿ ਮਾਹਿਰਾਂ ਦਾ ਕਹਿਣਾ ਹੈ ਕਿ ਇਹ ਅੰਕੜੇ ਪੂਰੀ ਤਰ੍ਹਾਂ ਸਾਹਮਣੇ ਨਹੀਂ ਲਿਆਂਦੇ ਜਾ ਰਹੇ।

ਟਰੂਡੋ ਨੇ ਆਖਿਆ ਕਿ ਕਈ ਹੋਰ ਮੰਤਰੀ ਵੀ ਆਪਣੇ ਭਾਰਤੀ ਹਮਰੁਤਬਾ ਅਧਿਕਾਰੀਆਂ ਨਾਲ ਰਾਬਤਾ ਰੱਖ ਕੇ ਇਹ ਪਤਾ ਲਾਉਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਕੈਨੇਡਾ ਹੋਰ ਕਿਸ ਤਰ੍ਹਾਂ ਦੀ ਮਦਦ ਕਰ ਸਕਦਾ ਹੈ। ਇੱਥੇ ਦੱਸਣਾ ਬਣਦਾ ਹੈ ਕਿ ਅਮਰੀਕਾ, ਯੂਕੇ ਤੇ ਫਰਾਂਸ ਵੱਲੋਂ ਵੀ ਵੈਕਸੀਨ ਨਾਲ ਸਬੰਧਤ ਸਮੱਗਰੀ, ਵੈਂਟੀਲੇਟਰਜ਼, ਆਕਸੀਜ਼ਨ ਤੇ ਹੋਰ ਸਪਲਾਈ ਭਾਰਤ ਭੇਜਣ ਦਾ ਤਹੱਈਆ ਪ੍ਰਗਟਾਇਆ ਹੈ।

## ਐਸਟ੍ਰਾਜ਼ੈਨੇਕਾ ਵੈਕਸੀਨ ਲਵਾਉਣ ਤੋਂ ਬਾਅਦ ਮਹਿਲਾ ਦੀ ਹੋਈ ਮੌਤ

ਮਾਂਟਰੀਅਲ, 27 ਅਪਰੈਲ (ਪੋਸਟ ਬਿਊਰੋ) : ਕਿਊਬਿਕ ਵਿੱਚ 54 ਸਾਲਾ ਮਹਿਲਾ ਦੀ ਕੋਵਿਡ-19 ਵੈਕਸੀਨ ਐਸਟ੍ਰਾਜ਼ੈਨੇਕਾ ਲਵਾਉਣ ਤੋਂ ਬਾਅਦ ਮੌਤ ਹੋ ਗਈ। ਕਿਊਬਿਕ ਪਬਲਿਕ ਹੈਲਥ ਡਾਇਰੈਕਟਰ ਹੋਰਾਸ਼ੀਓ ਅਰੂਡਾ ਵੱਲੋਂ ਮੰਗਲਵਾਰ ਨੂੰ ਇਸ ਦੀ ਪੁਸ਼ਟੀ ਕੀਤੀ ਗਈ।



ਇੱਕ ਨਿਊਜ਼ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਅਰੂਡਾ ਨੇ ਆਖਿਆ ਕਿ ਐਸਟ੍ਰਾਜ਼ੈਨੇਕਾ ਦੀ ਵੈਕਸੀਨ ਲਵਾਉਣ ਤੋਂ ਬਾਅਦ ਇਸ ਮਹਿਲਾ ਦੀ ਥਰੌਂਬੋਸਿਸ, ਸੈਰੇਬ੍ਰਲ ਥਰੌਂਬੋਸਿਸ ਕਾਰਨ ਮੌਤ ਹੋ ਗਈ। ਉਨ੍ਹਾਂ ਆਖਿਆ ਕਿ ਇਹ ਬਹੁਤ ਹੀ ਵਿਲੱਖਣ ਮਾਮਲਾ ਹੈ। ਅਸੀਂ ਜਾਣਦੇ ਸੀ ਕਿ ਅਜਿਹਾ ਹੋ ਸਕਦਾ ਹੈ। ਹਰੇਕ 100,000 ਡੋਜ਼ਾਂ ਵਿੱਚ ਇੱਕ ਅੱਧਾ ਮਾਮਲਾ ਇਸ ਤਰ੍ਹਾਂ ਦਾ ਨਿਕਲ ਸਕਦਾ ਹੈ। ਅਰੂਡਾ ਨੇ ਆਖਿਆ ਕਿ ਪ੍ਰੋਵਿੰਸ ਜਾਣਦੀ ਸੀ ਕਿ ਇਹ ਰਿਸਕ ਲਿਆ ਜਾ ਰਿਹਾ ਹੈ। ਪਰ ਇਸ ਦੇ ਫਾਇਦੇ ਖਤਰੇ ਨਾਲੋਂ ਕਿਤੇ ਜ਼ਿਆਦਾ ਹਨ। ਉਨ੍ਹਾਂ ਆਖਿਆ ਕਿ ਕੋਈ ਵੀ ਵਿਅਕਤੀ ਮਰਨ ਲਈ ਵੈਕਸੀਨੇਸ਼ਨ ਨਹੀਂ ਕਰਵਾਉਂਦਾ। ਅਜਿਹਾ ਮਾਮਲਾ ਟਾਂਵਾਂ ਹੀ ਹੁੰਦਾ ਹੈ। ਪਰ ਅਸੀਂ ਇਸ ਦੀ ਪੇਸ਼ੀਨਿਗੋਈ ਨਹੀਂ ਕਰ ਸਕਦੇ। ਪਰ ਜ਼ਿਆਦਾਤਰ ਆਬਾਦੀ ਲਈ ਵੈਕਸੀਨੇਸ਼ਨ ਫਾਇਦੇਮੰਦ ਹੈ। ਇਸ ਦੌਰਾਨ ਕਿਊਬਿਕ ਦੇ ਪ੍ਰੀਮੀਅਰ ਫਰੈਂਕੌਇਸ ਲੀਗਾਲਟ ਨੇ ਆਖਿਆ ਕਿ ਉਨ੍ਹਾਂ ਨੂੰ ਇਹ ਜਾਣ ਕੇ ਬਹੁਤ ਦੁੱਖ ਹੋਇਆ ਕਿ ਵੈਕਸੀਨੇਸ਼ਨ ਤੋਂ ਬਾਅਦ ਇੱਕ 54 ਸਾਲਾ ਮਹਿਲਾ ਦੀ ਮੌਤ ਹੋ ਗਈ।

## ਹੈਮਿਲਟਨ ਵਿੱਚ ਪੁੱਤ ਨੇ ਹੀ ਚਾਕੂ ਨਾਲ ਵਾਰ ਕਰਕੇ ਮਾਪਿਆਂ ਦੀ ਲਈ ਜਾਨ

ਹੈਮਿਲਟਨ, 27 ਅਪਰੈਲ (ਪੋਸਟ ਬਿਊਰੋ) : ਸੋਮਵਾਰ ਨੂੰ ਹੈਮਿਲਟਨ ਦੇ ਅਪਾਰਟਮੈਂਟ ਵਿੱਚ ਛੁਰੇਬਾਜ਼ੀ ਕਾਰਨ ਮਾਰੇ ਗਏ ਦੋ ਵਿਅਕਤੀ ਅਸਲ ਵਿੱਚ ਮਸ਼ਕੂਕ ਦੇ ਮਾਪੇ ਹੀ ਸਨ। ਇਸ ਦੀ ਪੁਸ਼ਟੀ ਹੈਮਿਲਟਨ ਪੁਲਿਸ ਵੱਲੋਂ ਕੀਤੀ ਗਈ।



ਪੁਲਿਸ ਨੂੰ ਦੁਪਹਿਰੇ 12:35 ਦੇ ਨੇੜੇ ਤੇੜੇ 20 ਜਾਰਜ ਸਟਰੀਟ ਉੱਤੇ ਸਥਿਤ ਅਪਾਰਟਮੈਂਟ ਵਿੱਚ ਸੱਦਿਆ ਗਿਆ। ਇੱਥੇ 13ਵੀਂ ਮੰਜ਼ਿਲ ਉੱਤੇ ਇੱਕ ਵਿਅਕਤੀ ਵੱਲੋਂ ਮਹਿਲਾ ਨੂੰ ਚਾਕੂ ਮਾਰੇ ਜਾਣ ਦੀ ਰਿਪੋਰਟ ਕੀਤੀ ਗਈ। ਮੌਕੇ ਉੱਤੇ ਪਹੁੰਚੀ ਪੁਲਿਸ ਨੇ ਹਾਲਵੇਅ ਵਿੱਚ 34 ਸਾਲਾ ਪੁਰਸ਼ ਤੇ 61 ਸਾਲਾ ਮਹਿਲਾ ਨੂੰ ਜ਼ਖ਼ਮੀ ਹਾਲਤ ਵਿੱਚ ਪਾਇਆ, ਦੋਵੇਂ ਚਾਕੂ ਦੇ ਵਾਰ ਕਾਰਨ ਜ਼ਖ਼ਮੀ ਸਨ। ਦੋਵਾਂ ਦੀ ਹਾਲਤ ਨਾਜ਼ੁਕ ਸੀ। ...ਬਾਕੀ ਪੰਨਾ 6 'ਤੇ


Best Insurance Rates
Life Auto Home Business
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Dir: 647-400-2949
Amanpreet S. Batth R.I.B.O
Axel Insurance Brokers Ltd.
1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
Life Insurance
Critical illness Ins
Travel & Visitor Ins
RESP & TFSA & RRSP
Super Visa Insurance
Mortgage Insurance
Disability Insurance
Funeral Insurance
SIMRAN SAINI 416.994.7272
www.allkindinsurance.com

INSURANCE
Home
Auto
Business
Trucking
Life Insurance
Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat Broker
Axael InsuranceBrokers Ltd. 1332 Khalsa Dr, Unit # 11, Mississauga, ON L5S 0A2

Royal Pest Control
Residential Commercial Industrial
Specialist in Bedbugs Service
All Pest Control :
Mouse & Rats
Spiders & Fleas
Bedbugs
Wasps
Cockroaches
Carpenter Ants
Silver Fish
Racoons
Call : PARESH PATEL (Government Approved Licensed Technician)
416 938 4598

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma
Open Saturday
Providing excellent quality legal services to our clients

KELLEY LAW OFFICE
Immigration
Real Estate
Family Law
Business Closing
Corporate
Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

REXDALE BODY SHOP
USED CAR SALE
Specialization In:
All Kinds of Body Work
Auto Glass Windshield
Denting, Painting & Welding
SPECIAL PAINT JOB $779
RENTAL CAR PROVIDED
25 years of Canadian Experience
OPEN MON - SAT 9AM TO 7PM
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
CHEEMA
LOWEST PRICE IN TOWN
Call Rick or Manminder Cheema: 416.749.9596 / 416.951.6431
Towing Service Car Paint Starts $799* upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100
Unit #20 - 7015 Tranmere Drive Mississauga, ON L5S 1T7

HELPING YOU PLAN TODAY...FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovaird Dr. W. Brampton, ON L6X0T9 | www.ufsinsurance.com

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392


PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

PEST PROBLEM ?
Residential & Commercial
All Pest Control
100% Customer Satisfaction
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licensed Exterminator

MANN LAW FIRM
Real Estate Law
Business Law
Wills & Estates
Family Law
Power of Attorney
Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

CN Forklift Training Center
Counterbalance All Types
Walkie pallet Low Lift
Electric Motor Narrow Aisle Reach
Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor


NOW HIRING
U.S. CROSS BORDER SINGLES & TEAMS AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE TALK, TEXT & DATA PLAN
4.5GB
$40/mo.
chatr™
AUTHORIZED DEALER
379 Main St. North, Brampton | 905-451-0379
2456 Lake shore Blvd West, Etobicoke | 416-259-3654
Offer subject to change without notice. Get 4.5GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2021

# ਕੁਈਨ ਐਲਿਜ਼ਾਬੈੱਥ ਵੇਅ ਉੱਤੇ ਹਾਦਸੇ ਵਿੱਚ ਇੱਕ ਹਲਾਕ



ਟੋਰਾਂਟੋ, 27 ਅਪਰੈਲ (ਪੋਸਟ ਬਿਊਰੋ) : ਹੈਮਿਲਟਨ ਵਿੱਚ ਨਿਕੋਲਾ ਟੈਸਲਾ ਬੋਲੀਵੀਆਰਡ ਨੇੜੇ ਕੁਈਨ ਐਲਿਜ਼ਾਬੈੱਥ ਵੇਅ (ਕਿਊ ਈ ਡਬਲਿਊ ) ਉੱਤੇ ਹੋਏ ਘਾਤਕ ਹਾਦਸੇ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਗਈ।

ਪੁਲਿਸ ਨੇ ਦੱਸਿਆ ਕਿ ਕੰਸਟ੍ਰਕਸ਼ਨ ਜ਼ੋਨ ਵਿੱਚ ਇੱਕ ਐਕਸੇਵੇਟਰ ਦੇ ਸੜਕ ਕਿਨਾਰੇ ਲੱਗੇ ਰੋਡ ਸਾਈਨ ਨਾਲ ਟਕਰਾ ਜਾਣ ਕਾਰਨ ਸਾਈਨ ਬੋਰਡ ਟੁੱਟ ਕੇ ਸੜਕ ਉੱਤੇ ਜਾ ਰਹੀ ਕਾਰ ਉੱਤੇ ਜਾ ਡਿੱਗਿਆ। ਇਸ ਨਾਲ ਕਾਰ ਚਲਾ ਰਹੇ 46 ਸਾਲਾ ਡਰਾਈਵਰ ਦੀ ਮੌਕੇ ਉੱਤੇ ਹੀ ਮੌਤ ਹੋ ਗਈ।

ਟੋਰਾਂਟੋ ਵੱਲ ਜਾਂਦੇ ਕਿਊ ਈ ਡਬਲਿਊ ਨੂੰ ਸਾਫ ਸਫਾਈ ਲਈ ਅਤੇ ਜਾਂਚ ਲਈ ਬੰਦ ਰੱਖਿਆ ਗਿਆ ਹੈ। ਓਪੀਪੀ ਦਾ ਕਹਿਣਾ ਹੈ ਕਿ ਹਾਈਵੇਅ ਸਵੇਰੇ 9:00 ਵਜੇ ਤੱਕ ਬੰਦ ਰੱਖਿਆ ਜਾਵੇਗਾ। ਹਾਈਵੇਅ ਹੈਮਿਲਟਨ ਵਿੱਚ ਨਿਕੋਲਾ ਟੈਸਲਾ ਬੋਲੀਵੀਆਰਡ ਤੋਂ ਬਰਲਿੰਗਟਨ ਵਿੱਚ ਨੌਰਥ ਸ਼ੋਰ ਬੋਲੀਵੀਆਰਡ ਤੱਕ ਦਾ ਹਾਈਵੇਅ ਬੰਦ ਕਰ ਦਿੱਤਾ ਗਿਆ ਹੈ।

# ਓਨਟਾਰੀਓ ਨੇ ਫੈਡਰਲ ਸਰਕਾਰ ਤੋਂ ਇੰਟਰਪ੍ਰੋਵਿੰਸ਼ੀਅਲ ਟਰੈਵਲਰਜ਼ ਲਈ ਮਾਪਦੰਡ ਹੋਰ ਸਖ਼ਤ ਕਰਨ ਦੀ ਕੀਤੀ ਮੰਗ

ਟੋਰਾਂਟੋ, 27 ਅਪਰੈਲ (ਪੋਸਟ ਬਿਊਰੋ) : ਕੋਵਿਡ-19 ਦੇ ਕਈ ਵੇਰੀਐਂਟਸ ਕਾਰਨ ਦਿਨੋਂ ਦਿਨ ਹਸਪਤਾਲਾਂ ਵਿੱਚ ਵੱਧ ਰਹੇ ਮਾਮਲਿਆਂ ਦੇ ਮੱਦੇਨਜ਼ਰ ਓਨਟਾਰੀਓ ਸਰਕਾਰ ਵੱਲੋਂ ਓਟਵਾ ਨੂੰ ਇੰਟਰਪ੍ਰੋਵਿੰਸ਼ੀਅਲ ਟਰੈਵਲਰਜ਼ ਲਈ ਮਾਪਦੰਡ ਹੋਰ ਸਖ਼ਤ ਕਰਨ ਦੀ ਮੰਗ ਕੀਤੀ ਹੈ।

ਸੋਮਵਾਰ ਨੂੰ ਫੈਡਰਲ ਹੈਲਥ ਐਂਡ ਪਬਲਿਕ ਸੇਫਟੀ ਮੰਤਰੀਆਂ ਨੂੰ ਲਿਖੇ ਇੱਕ ਪੱਤਰ ਵਿੱਚ ਓਨਟਾਰੀਓ ਨੇ ਮੰਗ ਕੀਤੀ ਹੈ ਕਿ ਗੈਰ ਜ਼ਰੂਰੀ ਟਰੈਵਲ ਲਈ ਉਹ ਪਹਿਲਾਂ ਹੀ ਕਿਊਬਿਕ ਤੇ ਮੈਨੀਟੋਬਾ ਨਾਲ ਲੱਗਦੀ ਆਪਣੀ ਹੱਦ ਬੰਦ ਕਰ ਚੁੱਕਿਆ ਹੈ, ਪਰ ਇੰਟਰਪ੍ਰੋਵਿੰਸ਼ੀਅਲ ਏਅਰ ਟਰੈਵਲ (ਜੋ ਏਰੀਆ ਫੈਡਰਲ ਸਰਕਾਰ ਦੀ ਜ਼ਿੰਮੇਵਾਰੀ ਹੈ) ਰਾਹੀਂ ਕੋਵਿਡ-19 ਦੇ ਵੇਰੀਐਂਟਸ ਦੇ ਪਸਾਰ ਨੂੰ ਰੋਕਣ ਲਈ ਪ੍ਰੋਵਿੰਸਾਂ ਕੋਲ ਕੋਈ ਚਾਰਾ ਨਹੀਂ ਹੈ।



ਪ੍ਰੋਵਿੰਸ ਵੱਲੋਂ ਓਨਟਾਰੀਓ ਵਿੱਚ ਦਾਖਲ ਹੋਣ ਵਾਲੇ ਸਾਰੇ ਘਰੇਲੂ ਏਅਰ ਟਰੈਵਲਰਜ਼ ਲਈ ਡਿਪਾਰਚਰ ਤੋਂ ਪਹਿਲਾਂ ਪੀ ਸੀ ਆਰ ਟੈਸਟਿੰਗ ਲਾਜ਼ਮੀ ਕਰਨ ਦੀ ਮੰਗ ਕੀਤੀ ਗਈ। ਇਹ ਨਿਯਮ ਕੈਨੇਡਾ ਵਿੱਚ ਦਾਖਲ ਹੋਣ ਵਾਲੇ ਕੌਮਾਂਤਰੀ ਪੈਸੈਂਜਰਜ਼ ਲਈ ਵੀ ਲਾਗੂ ਹੈ। ਇਸ ਪੱਤਰ ਵਿੱਚ ਇਹ ਵੀ ਲਿਖਿਆ ਗਿਆ ਹੈ ਕਿ ਪਿਛਲੇ ਦੋ ਹਫਤਿਆਂ ਵਿੱਚ ਸੰਭਾਵੀ ਕੋਵਿਡ-19 ਸੰਕ੍ਰਮਣ ਵਾਲੇ ਲੋਕਾਂ ਨੂੰ ਲੈ ਕੇ 17 ਘਰੇਲੂ ਉਡਾਨਾਂ ਟੋਰਾਂਟੋ ਦੇ ਪੀਅਰਸਨ ਇੰਟਰਨੈਸ਼ਨਲ ਏਅਰਪੋਰਟ ਉੱਤੇ ਪਹੁੰਚੀਆਂ।


ਇਨ੍ਹਾਂ ਤੋਂ ਇਲਾਵਾ ਓਟਵਾ ਤੇ ਹੈਮਿਲਟਨ ਸਮੇਤ ਓਨਟਾਰੀਓ ਦੇ ਕਈ ਹੋਰਨਾਂ ਏਅਰਪੋਰਟਸ ਉੱਤੇ ਪਹੁੰਚੀਆਂ ਫਲਾਈਟਸ ਵਿੱਚ ਵੀ ਐਕਸਪੋਜ਼ਰ ਹੋਇਆ ਹੋ ਸਕਦਾ ਹੈ। ਇਸ ਪੱਤਰ ਵਿੱਚ ਇਹ ਵੀ ਆਖਿਆ ਗਿਆ ਕਿ ਅਸੈਂਸ਼ੀਅਲ ਵਸਤਾਂ ਦੀ ਢੋਆ ਢੁਆਈ ਵਿੱਚ ਕੋਈ ਫਰਕ ਨਹੀਂ ਆਂਉਣਾ ਚਾਹੀਦਾ ਪਰ ਗੈਰ ਜ਼ਰੂਰੀ ਟਰੈਵਲ ਬੰਦ ਹੋਣਾ ਚਾਹੀਦਾ ਹੈ।

# ਗੇਟਵੇਅ ਲੋਕੇਸ਼ਨ ਉੱਤੇ ਕੋਵਿਡ-19 ਆਊਟਬ੍ਰੇਕ ਮਗਰੋਂ ਕੈਨੇਡਾ ਪੋਸਟ ਦੇ 80 ਮੁਲਾਜ਼ਮ ਕਰ ਰਹੇ ਹਨ ਆਈਸੋਲੇਟ

ਮਿਸੀਸਾਗਾ, 27 ਅਪਰੈਲ (ਪੋਸਟ ਬਿਊਰੋ) : ਮਿਸੀਸਾਗਾ ਵਿੱਚ ਗੇਟਵੇਅ ਵੈਸਟ ਫੈਸਿਲਿਟੀ ਵਿਖੇ ਕੋਵਿਡ-19 ਆਊਟਬ੍ਰੇਕ ਐਲਾਨੇ ਜਾਣ ਤੋਂ ਬਾਅਦ ਕੈਨੇਡਾ ਪੋਸਟ ਦੇ 80 ਦੇ ਨੇੜੇ ਤੇੜੇ ਇੰਪਲੌਈਜ਼ ਤੇ ਕਾਂਟਰੈਕਟਰਜ਼ ਸੈਲਫ ਆਈਸੋਲੇਟ ਕਰ ਰਹੇ ਹਨ।

ਪੀਲ ਪਬਲਿਕ ਹੈਲਥ ਨੇ 4567 ਡਿਕਸੀ ਰੋਡ ਸਥਿਤ ਟੋਰਾਂਟੋ ਐਕਸਚੇਂਜ ਆਫਿਸ ਦੇ ਤੀਜੀ ਸ਼ਿਫਟ (ਦੁਪਹਿਰ ਵਾਲੀ ਸ਼ਿਫਟ) ਦੇ ਇੰਪਲੌਈਜ਼ ਨੂੰ ਕੰਮ ਵਾਲੀ ਥਾਂ ਤੋਂ ਜਾਣ ਤੇ 10 ਦਿਨਾਂ ਲਈ ਖੁਦ ਨੂੰ ਆਈਸੋਲੇਟ ਕਰਨ ਲਈ ਆਖਿਆ। ਕੈਨੇਡਾ ਪੋਸਟ ਨੇ ਦੱਸਿਆ ਕਿ ਪਿਛਲੇ ਸੱਤ ਦਿਨਾਂ ਵਿੱਚ ਇਸ ਲੋਕੇਸ਼ਨ ਉੱਤੇ ਕੰਮ ਕਰਨ ਵਾਲੇ ਉਨ੍ਹਾਂ ਦੇ 12 ਇੰਪਲੌਈਜ਼ ਕੋਵਿਡ-19 ਪਾਜ਼ੀਟਿਵ ਆਏ ਹਨ।

ਕ੍ਰਾਊਨ ਕਾਰਪੋਰੇਸ਼ਨ ਦਾ ਕਹਿਣਾ ਹੈ ਕਿ ਉਨ੍ਹਾਂ ਵੱਲੋਂ ਆਨ ਸਾਈਟ ਰੈਪਿਡ ਕੋਵਿਡ-19 ਟੈਸਟਿੰਗ ਕਰਵਾਈ ਜਾ ਰਹੀ ਹੈ ਤੇ ਜਿਸ ਇੰਪਲੌਈ ਨੂੰ ਸੈਲਫ



ਆਈਸੋਲੇਟ ਕਰਨਾ ਪੈਂਦਾ ਹੈ ਉਸ ਲਈ ਪੇਡ ਲੀਵ ਦਾ ਪ੍ਰਬੰਧ ਵੀ ਹੈ। ਦ ਟੋਰਾਂਟੋ ਐਕਸਚੇਂਜ ਆਫਿਸ ਹੀ ਉਹ ਥਾਂ ਹੈ ਜਿੱਥੇ ਇੰਟਰਨੈਸ਼ਨਲ ਡਾਕ ਆਈਟਮਾਂ ਪਹੁੰਚਦੀਆਂ ਹਨ ਤੇ ਉਨ੍ਹਾਂ ਦਾ ਮੁਲਾਂਕਣ ਕੀਤਾ ਜਾਂਦਾ ਹੈ ਤੇ ਉਨ੍ਹਾਂ ਨੂੰ ਕੈਨੇਡੀਅਨ ਬਾਰਡਰ ਸਰਵਿਸ ਏਜੰਸੀ ਵੱਲੋਂ ਹਰੀ ਝੰਡੀ ਦਿੱਤੀ ਜਾਂਦੀ ਹੈ। ਐਮਰਜੰਸੀ ਪਲੈਨ ਲਾਗੂ ਹੋਣ ਕਾਰਨ ਕਸਟਮਰਜ਼ ਨੂੰ ਸਮਾਨ ਮਿਲਣ ਵਿੱਚ ਥੋੜ੍ਹੀ ਦੇਰ ਹੋ ਸਕਦੀ ਹੈ।

ਜਨਵਰੀ ਵਿੱਚ ਵੀ ਇਸ ਗੇਟਵੇਅ ਲੋਕੇਸ਼ਨ ਉੱਤੇ ਕੋਵਿਡ-19 ਆਊਟਬ੍ਰੇਕ ਹੋ ਚੁੱਕੀ ਹੈ ਤੇ ਜਿਸ ਵਿੱਚ 200 ਇੰਪਲੌਈਜ਼ ਪਾਜ਼ੀਟਿਵ ਆਏ ਸਨ।

# ਇਸ ਹਫਤੇ ਟੋਰਾਂਟੋ ਤੇ ਪੀਲ ਦੀਆਂ ਫਾਰਮੇਸੀਜ਼ ਨੂੰ ਮਿਲ ਸਕਦੀ ਹੈ ਫਾਈਜ਼ਰ ਵੈਕਸੀਨ

ਓਨਟਾਰੀਓ, 27 ਅਪ੍ਰੈਲ (ਪੋਸਟ ਬਿਊਰੋ) : ਓਨਟਾਰੀਓ ਦੀਆਂ ਕੁੱਝ ਚੋਣਵੀਆਂ ਫਾਰਮੇਸੀਜ਼ ਵਿੱਚ ਫਾਈਜ਼ਰ ਦੇ ਰੂਪ ਵਿੱਚ ਕੋਵਿਡ-19 ਵੈਕਸੀਨ ਦਾ ਦੂਜਾ ਬਦਲ ਵੀ ਜਲਦ ਹੀ ਮੁਹੱਈਆ ਹੋ ਸਕੇਗਾ।

ਪ੍ਰਾਪਤ ਜਾਣਕਾਰੀ ਅਨੁਸਾਰ ਇੱਕ ਅਜਿਹੇ ਪਾਇਲਟ ਪ੍ਰੋਜੈਕਟ ਉੱਤੇ ਕੰਮ ਚੱਲ ਰਿਹਾ ਹੈ ਜਿਸ ਨਾਲ ਹੱਦ ਤੋਂ ਹੱਦ ਇਸ ਹਫਤੇ ਵਿੱਚ ਕੁੱਝ ਲੋਕੇਸ਼ਨਾਂ ਉੱਤੇ ਫਾਈਜ਼ਰ ਸ਼ੌਟ ਉਪਲਬਧ ਹੋ ਜਾਣਗੇ। ਓਨਟਾਰੀਓ ਫਾਰਮਾਸਿਸਟ ਐਸੋਸਿਏਸ਼ਨ ਦੇ ਸੀਈਓ ਜਸਟਿਨ ਬੇਟਸ ਦਾ ਕਹਿਣਾ ਹੈ ਕਿ ਇਸ ਪ੍ਰੋਜੈਕਟ ਉੱਤੇ ਫਾਰਮੇਸੀਜ਼ ਫੋਰਡ ਸਰਕਾਰ ਨਾਲ ਰਲ ਕੇ ਕੰਮ ਕਰ ਰਹੀਆਂ ਹਨ। ਇਸ ਦੇ ਸਿਰੇ ਚੜ੍ਹਨ ਉੱਤੇ ਹੌਟਸਪੌਟ ਉੱਤੇ ਮੌਜੂਦ



ਫਾਰਮੇਸੀਜ਼ ਨੂੰ ਫਾਈਜ਼ਰ ਵੈਕਸੀਨ ਹਾਸਲ ਹੋ ਜਾਵੇਗੀ।

ਬੇਟਸ ਦਾ ਕਹਿਣਾ ਹੈ ਕਿ ਫਾਈਜ਼ਰ ਵੈਕਸੀਨ ਦਾ ਪਹਿਲਾ ਰੋਲਆਊਟ ਟੋਰਾਂਟੋ ਤੇ ਪੀਲ ਦੇ ਹੌਟਸਪੌਟਸ ਵਾਲੀਆਂ ਲੋਕੇਸ਼ਨਜ਼ ਉੱਤੇ ਹੋਵੇਗਾ ਤੇ ਇਸ ਪ੍ਰੋਜੈਕਟ ਦੇ ਇਸੇ ਹਫਤੇ ਸਿਰੇ ਚੜ੍ਹਨ ਦੀ ਸੰਭਾਵਨਾ ਹੈ। ਉਨ੍ਹਾਂ ਆਖਿਆ ਕਿ ਪਹਿਲੇ ਹਫਤੇ ਵੈਕਸੀਨ ਸੀਮਤ ਮਾਤਰਾ ਵਿੱਚ ਮਿਲੇਗੀ। ਅਸੀਂ ਇੱਥੋਂ ਹੀ ਹੋਰਨਾਂ ਹੌਟਸਪੌਟਸ ਉੱਤੇ ਵੈਕਸੀਨ ਭੇਜਾਂਗੇ ਤੇ ਫਿਰ ਹੌਲੀ ਹੌਲੀ ਪੂਰੀ ਪ੍ਰੋਵਿੰਸ ਵਿੱਚ ਵੈਕਸੀਨ ਦਿੱਤੀ ਜਾਵੇਗੀ।

ਓਨਟਾਰੀਓ ਦੀ ਸਿਹਤ ਮੰਤਰੀ ਕ੍ਰਿਸਟੀਨ ਐਲੀਅਟ ਦਾ ਕਹਿਣਾ ਹੈ ਕਿ ਪੀਲ ਰੀਜਨ ਵਿੱਚ ਇਸ ਸਮੇਂ 25 ਹੌਟਸਪੌਟਸ ਹਨ ਤੇ ਇੱਕ ਵਾਰੀ ਪ੍ਰੋਵਿੰਸ ਵੱਲੋਂ ਵਾਧੂ ਵੈਕਸੀਨ ਪ੍ਰਾਪਤ ਕਰਨ ਤੋਂ ਬਾਅਦ ਹੋਰ ਵੈਕਸੀਨਜ਼ ਅਗਲੇ ਹਫਤੇ ਹਾਸਲ ਹੋਣਗੀਆਂ। ਐਲੀਅਟ ਦਾ ਕਹਿਣਾ ਹੈ ਕਿ ਸਰਕਾਰ ਵੱਲੋਂ ਇਹ ਵਿਚਾਰ ਕੀਤਾ ਜਾ ਰਿਹਾ ਹੈ ਕਿ ਟੋਰਾਂਟੋ ਤੇ ਪੀਲ ਵਰਗੇ ਹੌਟਸਪੌਟਸ ਨੂੰ 50 ਫੀ ਸਦੀ ਵੈਕਸੀਨ ਦਿੱਤੀ ਜਾਵੇ। ਅਜਿਹਾ ਕਰਨ ਦੀ ਸਿਫਾਰਿਸ਼ ਪਿਛਲੇ ਹਫਤੇ ਓਨਟਾਰੀਓ ਸਾਇੰਸ ਟੇਬਲ ਵੱਲੋਂ ਕੀਤੀ ਗਈ।

# ਬ੍ਰਿਟੇਨ ਨੇ ਕਹਿ ਦਿੱਤਾ: ਭਾਰਤ ਨੂੰ ਅਸੀਂ ਕੋਰੋਨਾ ਦੇ ਹੋਰ ਟੀਕੇ ਨਹੀਂ ਭੇਜ ਸਕਦੇ

ਲੰਡਨ, 27 ਅਪਰੈਲ, (ਪੋਸਟ ਬਿਊਰੋ)- ਬ੍ਰਿਟੇਨ ਸਰਕਾਰ ਨੇ ਅੱਜ ਮੰਗਲਵਾਰ ਨੂੰ ਕਿਹਾ ਹੈ ਕਿ ਉਹ ਕੋਵਿਡ-19 ਦੇ ਟੀਕਿਆਂ ਲਈ ਫਿਲਹਾਲ ਆਪਣੀ ਘਰੇਲੂ ਲੋੜ ਉੱਤੇ ਜ਼ੋਰ ਦੇ ਰਹੇ ਹਨ ਅਤੇ ਇਸ ਮੌਕੇ ਭਾਰਤ ਵਰਗੇਲੋੜਵੰਦ ਦੇਸ਼ਾਂ ਨੂੰ ਇਸ ਤਰ੍ਹਾਂ ਦੇ ਟੀਕੇ ਨਹੀਂ ਭੇਜ ਸਕਦੇ, ਕਿਉਂਕਿ ਉਨ੍ਹਾਂ ਕੋਲ ਵਾਧੂ ਖੁਰਾਕਾਂ ਨਹੀਂ ਹਨ।

ਭਾਰਤ ਵਿਚ ਮਹਾਮਾਰੀ ਦੀ ਭਿਆਨਕ ਦੂਸਰੀ ਲਹਿਰ ਬਾਰੇ ਬ੍ਰਿਟਿਸ਼ ਪ੍ਰਧਾਨ ਮੰਤਰੀ ਬੋਰਿਸ ਜਾਨਸਨ ਨੇ ਅੱਜ ਕਿਹਾ ਕਿ ਇਸ ਪ੍ਰਕਿਰਿਆ ਦੀ ਲਗਾਤਾਰ ਸਮੀਖਿਆ ਕੀਤੀ ਜਾ ਰਹੀ ਹੈ ਅਤੇ ਬ੍ਰਿਟੇਨ 495 ਆਕਸੀਜਨ ਕੰਸੰਟ੍ਰੇਨਰ, 120 ਵੈਂਟੀਲੇਟਰ ਆਦਿ ਦਾ ਸਹਾਇਤਾ ਪੈਕੇਜ ਭੇਜ ਰਿਹਾ ਹੈ ਤਾਂ ਜੋ ਭਾਰਤ ਵਿਚ ਸਪਲਾਈ ਦੀ ਕਮੀ ਪੂਰੀ ਹੋ ਸਕੇ। ਸਰਕਾਰ ਦੇ ਬੁਲਾਰੇ ਨੇ

## * ਆਸਟਰੇਲੀਆ ਨੇ ਕਿਹਾ: ਭਾਰਤ ਦੀ ਕੋਰੋਨਾ ਟੈਸਟਿੰਗ ਭਰੋਸੇਯੋਗ ਨਹੀਂ

ਕਿਹਾ ਕਿ ਅਸੀਂ ਫਰਵਰੀ ਵਿਚ ਵਚਨੱਧਤਾ ਜਤਾਈ ਸੀ ਕਿ ਬ੍ਰਿਟੇਨ ਨੂੰ ਹੋਣ ਵਾਲੀ ਸਪਲਾਈ ਨਾਲ ਹੋਰ ਖੁਰਾਕਾਂ ਕੋਵੈਕਸ ਖਰੀਦ ਪੂਲਤੇ ਲੋੜਵੰਦ ਦੇਸ਼ਾਂ ਨੂੰ ਦਿੱਤੀਆਂ ਜਾਣਗੀਆਂ। ਉਨ੍ਹਾਂ ਆਖਿਆ ਕਿ ਅਜੇ ਅਸੀਂ ਘਰੇਲੂ ਮੋਰਚੇ ਉੱਤੇ ਜ਼ੋਰ ਦੇ ਰਹੇ ਹਾਂ ਅਤੇ ਸਾਡੇ ਕੋਲ ਹੋਰ ਖੁਰਾਕਾਂ ਮੌਜੂਦ ਨਹੀਂ ਹਨ।

ਵਰਨਣ ਯੋਗ ਹੈ ਕਿ ਪਿਛਲੇ ਹਫ਼ਤੇ ਦੇ ਅੰਤ ਵਿਚ ਐਫ ਸੀ ਡੀ ਓ ਨੇ ਐਲਾਨ ਕੀਤਾ ਸੀ ਕਿ ਭਾਰਤ ਸਰਕਾਰ ਨਾਲ ਵਿਚਾਰ ਪਿੱਛੋਂ ਕੋਵਿਡ-19 ਵਿਰੁੱਧ ਲੜਾਈ ਵਿਚ ਉਸ ਦੇ ਸਮਰਥਨ ਲਈ 600 ਤੋਂ ਵੱਧ ਲੋੜ ਵਾਸਤੇ ਡਾਕਟਰੀ ਸਮਾਨ ਭੇਜਿਆ ਜਾਵੇਗਾ। ਇਸ ਤੋਂ ਬਿਨਾ ਪ੍ਰਧਾਨ ਮੰਤਰੀ ਬੋਰਿਸ ਜਾਨਸਨ ਨੇ ਕਿਹਾ ਕਿ ਸੈਂਕੜੇ



ਆਕਸੀਜਨ ਕੰਪੋਨੈਂਟ ਅਤੇ ਵੈਂਟੀਲੇਟਰਾਂ ਸਣੇ ਮਹੱਤਵ ਪੂਰਨ ਮੈਡੀਕਲ ਜੰਤਰ ਇਸ ਭਿਆਨਕ ਵਾਇਰਸ ਤੋਂ ਨੁਕਸਾਨ ਦੀ ਰੋਕਣ ਦੇ ਯਤਨਾਂ ਦਾ ਸਮਰਥਨ ਕਰਨ ਲਈ ਬ੍ਰਿਟੇਨ ਤੋਂ ਭਾਰਤ ਜਾ ਰਹੇ ਹਨ, ਜਦਕਿ ਇਸ ਸੰਕਟ ਸਮੇਂ ਬ੍ਰਿਟੇਨ ਦੇ ਵਿਦੇਸ਼ ਸੈਕਟਰੀ ਡੋਮਿਨਿਕ ਰਾਬ ਨੇ ਵੀ ਸੋਮਵਾਰ ਵਿਦੇਸ਼ ਮੰਤਰੀ ਐਸ ਜੈਸ਼ੰਕਰ ਨਾਲ ਗੱਲਬਾਤ ਕੀਤੀ ਸੀ।

ਓਧਰ ਆਸਟਰੇਲੀਆ ਦੇ ਪੱਛਮੀ ਰਾਜ ਦੇ ਪ੍ਰੀਮੀਅਰ ਮਾਰਕ ਮੈਕਗੋਵਾਨ ਨੇ ਦੋਸ਼ ਲਾਇਆ ਹੈ ਕਿ ਭਾਰਤ ਵਿਚ ਹੁੰਦੀ ਕੋਰੋਨਾ ਟੈਸਟਿੰਗ ਭਰੋਸੇ ਯੋਗ ਨਹੀਂ। ਉਨ੍ਹਾ ਕਿਹਾ ਕਿ ਇਹ ਗੱਲ ਭਾਰਤ ਤੋਂ ਮੁੜੇ ਯਾਤਰੀਆਂ ਦੇ ਦੁਬਾਰਾ ਕੋਰੋਨਾ ਟੈਸਟ ਕਰਾਉਣਤੋਂ ਪਤਾ ਲੱਗੀ ਹੈ। ਟੈਸਟ ਰਿਪੋਰਟ ਭਰੋਸੇਯੋਗ ਨਾ ਹੋਣ ਕਾਰਨ ਇਸ ਤੋਂ ਕੋਰੋਨਾ ਦਾ ਸਭ ਤੋਂ ਵੱਡਾ ਖਤਰਾ ਹੈ। ਪਤਾ ਲੱਗਾ ਹੈ ਕਿ ਪੱਛਮੀ ਆਸਟਰੇਲੀਆ ਵਿਚ ਭਾਰਤ ਤੋਂ ਮੁੜੇ 4 ਯਾਤਰੀਆਂ ਦਾ ਜਦੋਂ ਟੈਸਟ ਕਰਾਇਆ ਗਿਆ ਤਾਂ ਕੋਰੋਨਾ ਪਾਜ਼ੇਟਿਵ ਮਿਲੇ। ਉਨ੍ਹਾਂ ਨੂੰ ਪਰਥ ਵਿਚ ਕੁਆਰੰਟੀਨ ਕਰ ਦਿੱਤਾ ਗਿਆ।ਇਸ ਫਲਾਈਟ ਵਿਚ 79 ਯਾਤਰੀਆਂ ਵਿਚੋਂ 78 ਭਾਰਤੀ ਸਨ। ਇਨ੍ਹਾਂ ਵਿਚੋਂ ਪਾਜ਼ੇਟਿਵ ਹੋਣ ਵਾਲਿਆਂ ਦੀ ਗਿਣਤੀ ਵਧ ਸਕਦੀ ਹੈ। ਪਰਥ ਵਿਚ ਕੋਰੋਨਾ ਕੇਸਾਂ ਦੀ ਗਿਣਤੀ ਲਗਭਗ ਨਾਮਾਤਰ ਹੈ। ਇਸ ਕੇਸਤੋਂ ਅਧਿਕਾਰੀ ਚੌਕਸ ਹੋਏ ਹਨ, ਕਿਉਂਕਿ ਸਭ ਤੋਂ ਵੱਧ ਆਉਣ ਵਾਲੇ ਯਾਤਰੀਆਂ ਦੀ ਗਿਣਤੀ ਭਾਰਤੀ ਹੈ। ਮੈਕਗੋਵਾਨ ਨੇ ਕਿਹਾ ਕਿ ਭਾਰਤ ਤੋਂ ਆਏ ਯਾਤਰੀਆਂ ਦੀ ਰਿਪੋਰਟ ਉੱਤੇ ਵਿਸ਼ਵਾਸ ਕਰਨਾ ਮੁਸ਼ਕਲ ਹੈ।ਇਸ ਸਥਿਤੀ ਵਿਚ ਸਾਨੂੰ ਹੋਰ ਸਾਵਧਾਨ ਰਹਿਣਾ ਹੋਵੇਗਾ।

ਇਸ ਦੌਰਾਨ ਆਸਟਰੇਲੀਆ ਦੀ ਗ੍ਰਹਿ ਮੰਤਰੀ ਕਰੇਨ ਐਂਡਰਿਊਜ਼ ਨੇ ਕਿਹਾ ਹੈ ਕਿ ਭਾਰਤ ਵਿਚ ਕੋਰੋਨਾ ਬਾਰੇ ਸਥਿਤੀ ਭਿਆਨਕ ਹੈ, ਅਸੀਂ ਉੱਥੇ ਮਦਦ ਭੇਜਣ ਲਈ ਕੰਮ ਕਰ ਰਹੇ ਹਾਂ, ਇਸ ਦੇ ਨਾਲ ਹੀ ਸਾਡਾ ਫਰਜ਼ ਉੱਥੇ ਫਸੇ ਆਪਣੇ ਨਾਗਰਿਕਾਂ ਨੂੰ ਪੂਰੀ ਸੁਰੱਖਿਆ ਪ੍ਰਦਾਨ ਕਰਨਾ ਵੀ ਹੈ।

# ਦਿੱਲੀ ਸਰਕਾਰ ਨੇ ਜੱਜਾਂ ਲਈ ਅਸ਼ੋਕਾ ਹੋਟਲ ਕੋਵਿਡ ਕੇਅਰ ਸੈਂਟਰ ਬਣਾਇਆ

## * ਜੱਜਾਂ ਵੱਲੋਂ ਇਤਰਾਜ਼ ਪਿੱਛੋਂ ਸਕੀਮ ਰੱਦ * ਆਕਸੀਜਨ ਦੀ ਕਾਲਾਬਾਜ਼ਾਰੀ ਉੱਤੇ ਵੀ ਹਾਈਕੋਰਟ ਨਾਰਾਜ਼

ਨਵੀਂ ਦਿੱਲੀ, 27 ਅਪਰੈਲ, (ਪੋਸਟ ਬਿਊਰੋ)- ਕੋਰੋਨਾ ਵਾਇਰਸ ਦੀ ਆਫ਼ਤ ਨਾਲ ਦੇਸ਼ ਵਿਚ ਹਾਹਾਕਾਰ ਮੱਚੀ ਹੋਈ ਹੈਤੇ ਹਸਪਤਾਲਾਂ ਵਿੱਚ ਬੈੱਡ ਅਤੇ ਆਕਸੀਜਨ ਦੀ ਭਾਰੀ ਘਾਟ ਹੈ। ਇਸ ਦੌਰਾਨ ਦਿੱਲੀ ਸਰਕਾਰ ਨੇ ਹੁਕਮ ਕੀਤਾ ਕਿ ਦਿੱਲੀ ਵਿਚਲੇ ਅਸ਼ੋਕਾ ਹੋਟਲ ਨੂੰ ਹਾਈ ਕੋਰਟ ਦੇ ਜੱਜਾਂ-ਅਫ਼ਸਰਾਂ ਤੇ ਉਨ੍ਹਾਂ ਦੇ ਪਰਿਵਾਰਾਂਲਈ ਕੋਵਿਡ ਕੇਅਰ ਸੈਂਟਰ ਵਜੋਂ ਵਰਤਿਆ ਜਾਵੇਗਾ, ਪਰ ਦਿੱਲੀ ਹਾਈ ਕੋਰਟ ਇਸ ਤੋਂ ਨਾਰਾਜ਼ ਹੋ ਗਈ।

ਚਾਣਕਿਆਪੁਰੀ ਦੇ ਐੱਸ ਡੀ ਐੱਮ ਵੱਲੋਂ ਇਸ ਬਾਰੇ ਕੀਤੇ ਆਦੇਸ਼ ਮੁਤਾਬਕ ਅਸ਼ੋਕਾ ਹੋਟਲ ਦੇ 100 ਕਮਰੇ ਕੋਵਿਡ ਕੇਅਰ ਸੈਂਟਰ ਵਿੱ-ਚਬਦਲੇ ਜਾਣੇ ਸਨ ਤੇ ਏਥੇ ਮਰੀਜ਼ਾਂ ਲਿਆਉਣ ਲਈ ਐਂਬੂਲੈਂਸ ਲਾਈ ਜਾਣੀ ਸੀ, ਜਦਕਿ ਹੋਟਲ ਰੋਗੀਆਂ ਲਈ ਕਮਰੇ, ਹਾਊਸਕੀਪਿੰਗ ਅਤੇ ਭੋਜਨ ਸਮੇਤ ਸੇਵਾਵਾਂ ਦੇਣ ਦੀਆਂ ਸਹੂਲਤਾਂ ਦੀ ਫੀਸ ਹਸਪਤਾਲ ਵਲੋਂ ਇਕੱਠੀ ਕੀਤੀ ਜਾਣੀ ਸੀ ਤੇ ਹਸਪਤਾਲ ਨੇ ਹੋਟਲ ਦਾ ਭੁਗਤਾਨ ਕਰਨਾ ਸੀ।ਦਿੱਲੀ ਹਾਈ ਕੋਰਟ ਦੇ ਕਈ ਜੱਜਾਂ ਨੇ ਪਿੱਛੇ ਜਿਹੇ ਕੋਰੋਨਾ ਟੈਸਟ ਕਰਾਇਆ ਸੀ।ਹੋਟਲਾਂ ਵਿੱਚ ਜੱਜਾਂ ਲਈ ਕੋਵਿਡ ਸੈਂਟਰ ਦੀ ਖ਼ਬਰ ਆਉਣ ਪਿੱਛੋਂ ਅੱਜ ਦਿੱਲੀ ਹਾਈ ਕੋਰਟ ਨੇ ਇਸ ਉੱਤੇ ਨਾਰਾਜ਼ ਹੋ ਕੇ ਕਿਹਾ ਕਿ ਇਸ ਨਾਲ ਲੋਕਾਂ ਨੂੰ ਪ੍ਰਭਾਵ ਪਵੇਗਾ ਕਿ ਜੱਜ ਕਿਸੇ ਤਰ੍ਹਾਂ ਦੀ ਸਰਕਾਰ ਦੀ ਲਿਹਾਜਦਾਰੀ ਲਈ ਆਪਣੇ ਵਾਸਤੇ ਸਹੂਲਤਾਂ ਦੀ ਖਾਸ ਮੰਗ ਕਰ ਰਹੇ ਹਨ। ਆਰਡਰ ਵਿੱਚ ਲਿਖਿਆ ਸੀ ਕਿ ਹੋਟਲਾਂ ਵਿੱਚ ਕੋਵਿਡ ਸੈਂਟਰ ਬਣਾਉਣ ਦਾ ਇਹ ਫੈਸਲਾ ਹਾਈ ਕੋਰਟ ਦੀ ਮੰਗ ਉੱਤੇ ਕੀਤਾ ਹੈ। ਜੱਜਾਂ ਨੇ ਇਸ ਨੂੰ ਰੱਦ ਕੀਤਾ ਤੇ ਕਿਹਾ ਕਿ ਏਦਾਂ ਦੀ ਕੋਈ ਮੰਗ ਹਾਈ ਕੋਰਟ ਨੇ ਕਦੇ ਨਹੀਂ ਸੀ ਕੀਤੀ। ਇਸ ਦੇ ਬਾਅਦ ਸ਼ਾਮ ਤੱਕ ਦਿੱਲੀ ਸਰਕਾਰ ਨੇ ਹੋਟਲਾਂ ਵਿੱਚ ਜੱਜਾਂ ਲਈ ਕੋਵਿਡ ਸੈਂਟਰ ਬਣਾਏ ਜਾਣ ਦਾ ਆਰਡਰ ਰੱਦ ਕਰ ਦਿੱਤਾ ਹੈ।

ਦੂਸਰੇ ਪਾਸੇ ਦਿੱਲੀਹਾਈ ਕੋਰਟ ਨੇ ਆਕਸੀਜਨ ਸਿਲੰਡਰ ਦੀ ਕਾਲਾਬਾਜ਼ਾਰੀ ਦੀਆਂ ਖ਼ਬਰਾਂਬਾਰੇ ਸਰਕਾਰ ਦੇ ਨਾਲ ਨਾਰਾਜ਼ਗੀ ਜ਼ਾਹਿਰ ਕੀਤੀ ਅਤੇ ਅਜਿਹਾ ਕਰਨ ਵਾਲਿਆਂ ਨੂੰ ਗ੍ਰਿਫ਼ਤਾਰ ਕਰਨ ਨੂੰ ਕਿਹਾ ਹੈ। ਕੋਰਟ ਨੇ ਕਿਹਾ ਕਿ ਤੁਹਾਡੇ ਕੋਲ ਕਾਰਵਾਈ ਦੀਆਂ ਤਾਕਤਾਂ ਹਨ। ਹਾਈ ਕੋਰਟ ਨੇ ਨਾਰਾਜ਼ਗੀ ਜ਼ਾਹਿਰ ਕੀਤੀ ਕਿ ਸਿਲੰਡਰ (ਆਕਸੀਜਨ) ਦਾ ਕਾਰੋਬਾਰ ਪੂਰੀ ਤਰ੍ਹਾਂ ਗੜਬੜ ਹੈ।ਦਿੱਲੀ ਸਰਕਾਰ ਦੇ ਵਕੀਲ ਨੇ ਦੱਸਿਆ ਕਿ ਸ਼ਾਮ ਤਕ ਕਾਰਵਾਈ ਹੋ ਜਾਵੇਗੀ ਤੇ ਅਸੀਂ ਕੁਝ ਲੋਕਾਂਨੂੰ ਕਾਰਨ ਦੱਸੋ ਨੋਟਿਸ ਵੀ ਜਾਰੀ ਕੀਤੇ ਹਨ।

# ਫੋਰਡ ਸਰਕਾਰ ਨੇ ਫੈਡਰਲ ਪੇਡ ਸਿੱਕ ਡੇਅ ਪੇਅਮੈਂਟ ਦੁੱਗਣੀ ਕਰਨ ਦੀ ਕੀਤੀ ਪੇਸ਼ਕਸ਼

ਓਨਟਾਰੀਓ, 27 ਅਪਰੈਲ (ਪੋਸਟ ਬਿਊਰੋ) : ਫੋਰਡ ਸਰਕਾਰ ਵੱਲੋਂ ਫੈਡਰਲ ਪੇਡ ਸਿੱਕ ਡੇਅ ਪੇਅਮੈਂਟ ਹਫਤੇ ਦੀ 500 ਡਾਲਰ ਦੀ ਥਾਂ 1000 ਡਾਲਰ ਕਰਨ ਦੀ ਪੇਸ਼ਕਸ਼ ਕੀਤੀ ਗਈ ਹੈ। ਪਰ ਫੈਡਰਲ ਸਰਕਾਰ ਦਾ ਕਹਿਣਾ ਹੈ ਕਿ ਇਹ ਪ੍ਰਸਤਾਵ ਠੀਕ ਨਹੀਂ ਹੈ।

ਆਪਣਾ ਵੱਖਰਾ ਪ੍ਰੋਗਰਾਮ ਤਿਆਰ ਕਰਨ ਦੀ ਥਾਂ ਫੋਰਡ ਸਰਕਾਰ ਨੇ ਫੈਡਰਲ ਸਰਕਾਰ ਨੂੰ ਇਹ ਪੇਸ਼ਕਸ਼ ਕੀਤੀ ਹੈ ਕਿ ਹਫਤੇ ਦੇ 500 ਡਾਲਰ ਦੀ ਥਾਂ ਉਹ ਵਰਕਰਜ਼ ਨੂੰ 1000 ਡਾਲਰ ਦੇਵੇਗੀ ਤੇ ਪ੍ਰਤੀ ਵਰਕਰ 500 ਡਾਲਰ ਦਾ ਖਰਚਾ ਉਹ ਆਪ ਚੁੱਕੇਗੀ। ਓਨਟਾਰੀਓ ਦੇ ਲੇਬਰ ਮੰਤਰੀ ਮੌਂਟੀ ਮੈਕਨੌਟਨ ਵੱਲੋਂ ਮੰਗਲਵਾਰ ਨੂੰ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਕਿ ਪ੍ਰੋਵਿਸ ਪੇਡ ਸਿੱਕ ਲੀਵ ਸਬੰਧੀ ਕੋਈ ਕਾਨੂੰਨ ਨਹੀਂ



ਲਿਆਵੇਗੀ।

ਉਨ੍ਹਾਂ ਇਹ ਵੀ ਆਖਿਆ ਕਿ ਵਿੱਤ ਮੰਤਰੀ ਪੀਟਰ ਬੈਥਲੇਨਫਾਲਵੇ ਇਹ ਆਖ ਚੁੱਕੇ ਹਨ ਕਿ ਫੈਡਰਲ ਸਰਕਾਰ ਦੀ ਯੋਜਨਾ ਨੂੰ ਹੀ ਦੁੱਗਣਾ ਕਰਕੇ ਪ੍ਰੋਵਿੰਸ਼ੀਅਲ ਵਰਕਰਜ਼ ਲਈ ਸਿੱਕ ਲੀਵ ਪੇਅਮੈਂਟ ਵਿੱਚ ਵਾਧਾ ਕੀਤਾ ਜਾ ਸਕਦਾ ਹੈ ਤੇ ਇਹ ਸੱਭ ਤੋਂ ਤੇਜ਼ੀ ਨਾਲ ਅਪਨਾਇਆ ਜਾ ਸਕਣ ਵਾਲਾ ਰਾਹ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਪ੍ਰੋਵਿੰਸ਼ੀਅਲ ਵਿੱਤ ਮੰਤਰੀ ਬੈਥਲੇਨਫਾਲਵੇ ਵੱਲੋਂ ਫੈਡਰਲ ਵਿੱਤ ਮੰਤਰੀ ਕ੍ਰਿਸਟੀਆ ਫਰੀਲੈਂਡ ਨੂੰ ਭੇਜੇ ਪੱਤਰ ਵਿੱਚ ਆਖਿਆ ਗਿਆ ਕਿ ਪ੍ਰੋਵਿੰਸ਼ੀਅਲ ਸਰਕਾਰ ਇਸ ਵਾਅਦੇ ਨੂੰ ਪੂਰਾ ਕਰਨ ਲਈ ਤਿਆਰ ਹੈ ਤੇ ਮੁਲਾਜ਼ਮਾਂ ਨੂੰ ਉੱਪਰਲਾ ਸਾਰਾ ਖਰਚਾ ਵੀ ਫੌਰੀ ਤੌਰ ਉੱਤੇ ਸਾਡੇ ਵੱਲੋਂ ਅਦਾ ਕੀਤਾ ਜਾਵੇਗਾ।

ਜੇ ਅਜਿਹਾ ਹੁੰਦਾ ਹੈ ਤਾਂ ਇਸ ਨਾਲ ਫੈਡਰਲ ਕੈਨੇਡਾ ਰਿਕਵਰੀ ਸਿੱਕਨੈੱਸ ਬੈਨੇਫਿਟ (ਸੀ ਆਰ ਐਸ ਬੀ)ਵਰਕਰਜ਼ ਨੂੰ ਦੇਰ ਨਾਲ ਮਿਲਣ ਦੇ ਲੱਗ ਰਹੇ ਦੋਸ਼ ਖਤਮ ਨਹੀਂ ਹੋਣਗੇ ਤੇ ਨਾ ਹੀ ਇਸ ਮਸਲੇ ਦਾ ਇਹ ਕੋਈ ਠੋਸ ਹੱਲ ਹੈ। ਵਰਕਰਜ਼ ਨੂੰ ਛੁੱਟੀ ਲੈਣ ਕਾਰਨ ਖੁੱਸਣ ਵਾਲੇ ਪੈਸੇ ਨੂੰ ਹਾਸਲ ਕਰਨ ਲਈ ਇਸ ਪੇਅਮੈਂਟ ਲਈ ਅਪਲਾਈ ਕਰਨਾ ਪੈਂਦਾ ਹੈ।

ਇਸ ਪੱਤਰ ਦੇ ਜਵਾਬ ਵਿੱਚ ਫੈਡਰਲ ਫਾਇਨਾਂਸ ਮੰਤਰੀ ਦੇ ਆਫਿਸ ਨੇ ਆਖਿਆ ਕਿ ਜਦੋਂ ਓਨਟਾਰੀਓ ਪ੍ਰੋਵਿੰਸ ਵੱਲੋਂ ਨਿਯੰਤਰਿਤ ਕੀਤੇ ਜਾਣ ਵਾਲੇ ਕਾਰੋਬਾਰਾਂ ਵਿੱਚ ਸਿੱਕ ਲੀਵ ਲਾਗੂ ਕਰਨ ਲਈ ਤਿਆਰ ਹੈ, ਜਿਵੇਂ ਕਿ ਅਸੀਂ ਫੈਡਰਲ ਪੱਧਰ ਉੱਤੇ ਕਰ ਚੁੱਕੇ ਹਾਂ ਤਾਂ ਅਸੀਂ ਮਦਦ ਜ਼ਰੂਰ ਕਰਾਂਗੇ।

KANG TAX & FINANCIAL SERVICES

Carte WEALTH MANAGEMENT INC.

> TAX E-FILING - PERSONAL & CORPORATION**
> LIFE, CRITICAL & DISABILITY INSURANCE***
> RRSP/TFSA/RESP/RDSP & OPEN ACCOUNTS*
> VISITOR INSURANCE***

FREE For New Immigrants

TAX Filing $40 +Tax

$10 OFF Coupon only for New Clients One per family



Sukhwinder Kang
M.Sc (Math), CFP
Certified Financial Planner
Off: 416-741-4877
Dir:416-271-4877
Email: skang@kangtax.ca

* Mutual funds provided by Carte Wealth Management Inc.
** Tax planning and filings provided by Kang Tax & Financial Services
*** Insurance sold through Carte Risk Management Inc., Financial Horizon and Axael Insurance.

Suite #105-2645 Islington Ave.
Etobicoke, ON M9V 2X6

Website: www.kangtax.com
Email: sukhwinder.kang@cartewm.com

# ਪੁੱਤ ਨੇ ਹੀ ਚਾਕੂ ਨਾਲ ਵਾਰ ਕਰਕੇ ਮਾਪਿਆਂ ਦੀ ਲਈ ਜਾਨ

...ਪੰਨਾ 1 ਦਾ ਬਾਕੀ

ਫਿਰ ਪੁਲਿਸ ਨੂੰ ਇਹ ਜਾਣਕਾਰੀ ਮਿਲੀ ਕਿ ਇੱਕ ਹੋਰ ਪੁਰਸ਼ ਨੇੜਲੇ ਅਪਾਰਟਮੈਂਟ ਵਿੱਚ ਜ਼ਖ਼ਮੀ ਹਾਲਤ ਵਿੱਚ ਮੌਜੂਦ ਹੈ। ਜਦੋਂ ਪੁਲਿਸ ਉਸ ਫਲੈਟ ਵਿੱਚ ਪਹੁੰਚੀ ਤਾਂ ਉੱਥੇ ਇੱਕ 67 ਸਾਲਾ ਪੁਰਸ਼ ਉਨ੍ਹਾਂ ਨੂੰ ਜ਼ਖ਼ਮੀ ਹਾਲਤ ਵਿੱਚ ਮਿਲਿਆ, ਉਸ ਉੱਤੇ ਵੀ ਚਾਕੂ ਨਾਲ ਹਮਲਾ ਕੀਤਾ ਗਿਆ ਸੀ ਤੇ ਉਸ ਦੀ ਹਾਲਤ ਨਾਜ਼ੁਕ ਸੀ। ਤਿੰਨਾਂ ਜ਼ਖ਼ਮੀ ਵਿਅਕਤੀਆਂ ਨੂੰ ਹਸਪਤਾਲ ਲਿਜਾਇਆ ਗਿਆ, ਜਿੱਥੇ ਮਹਿਲਾ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। 67 ਸਾਲਾ ਵਿਅਕਤੀ ਦੀ ਵੀ ਆਪਰੇਸ਼ਨ ਦੌਰਾਨ ਮੌਤ ਹੋ ਗਈ। 34 ਸਾਲਾ ਵਿਅਕਤੀ ਨੂੰ ਬਚਾਅ ਲਿਆ ਗਿਆ ਤੇ ਪੁਲਿਸ ਦੀ ਨਿਗਰਾਨੀ ਵਿੱਚ ਉਸ ਦਾ ਹਸਪਤਾਲ ਵਿੱਚ ਇਲਾਜ ਚੱਲ ਰਿਹਾ ਹੈ। ਪੁਲਿਸ ਨੇ ਦੱਸਿਆ ਕਿ ਜਦੋਂ ਉਸ ਨੂੰ ਹੋਸ਼ ਆ ਜਾਵੇਗੀ ਤਾਂ ਉਸ ਨੂੰ ਸੈਕਿੰਡ ਡਿਗਰੀ ਮਰਡਰ ਦੇ ਦੋ ਮਾਮਲਿਆਂ ਵਿੱਚ ਚਾਰਜ ਕੀਤਾ ਜਾਵੇਗਾ। ਪੁਲਿਸ ਨੇ ਦੱਸਿਆ ਕਿ ਮਸ਼ਕੂਕ ਵੱਲੋਂ ਆਪਣੇ ਹੀ ਮਾਪਿਆਂ ਉੱਤੇ ਹਮਲਾ ਕਰਕੇ ਉਨ੍ਹਾਂ ਦੀ ਜਾਨ ਲੈ ਲਈ ਗਈ। ਪੁਲਿਸ ਨੇ ਇਹ ਵੀ ਦੱਸਿਆ ਕਿ ਇਹ ਪਰਿਵਾਰਕ ਮਸਲਾ ਸੀ ਤੇ ਕਿਸੇ ਹੋਰ ਮਸ਼ਕੂਕ ਦੀ ਭਾਲ ਨਹੀਂ ਕੀਤੀ ਜਾ ਰਹੀ ਹੈ।

REXDALE FINANCIAL SERVICES
WE HELP YOU START, GROW AND SUCCEED

We bring Canada's leading lenders to you
The Mortgage Centre

I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated

Call now: 416.674.8035 | 416.674.7050 or Fax: 416.674.9009

ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT

ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ',
ਅਸੀਂ ਕਰਾਂਗੇ 'ਹਾਂ'

MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!

Increase Your Cash Flow by up to 50%

YOU NEED A MORTGAGE?
WE'LL ARANGE IT FOR YOU
NO MATTER WHAT YOUR REASON IS!

Self Employed or Unemployed
Each Mortgage Centre is independently owned and operated



19 Woodbine Downs Blvd,
#201, Etobicoke, ON M9W 6N5

Jaspal Singh Gahunia
#M08006400
416.677.0047

## ਅੱਜ ਨਾਮਾ >>

ਕਰਦਾ ਫਾਇਰ ਸੀ ਰੋਜ਼ ਨਵਜੋਤ ਸਿੱਧੂ,
ਅੱਗੋਂਬੋਲ ਪਿਆ ਅੱਜ ਕਪਤਾਨ ਬੇਲੀ।
ਕਹਿੰਦਾ ਐਵੇਂ ਪਿਆ ਬੋਲਦਾ ਰਹੇ ਸਿੱਧੂ,
ਉਹਦੀ ਕਾਬੂ ਵਿੱਚ ਨਹੀਂ ਜ਼ਬਾਨ ਬੇਲੀ।
ਲੜਨੀ ਚੋਣ ਪਟਿਆਲੇ ਦੇ ਵਿੱਚ ਆਵੇ,
ਫੈਸਲਾ ਕਰਦੂ ਉਹ ਚੋਣ ਮੈਦਾਨ ਬੇਲੀ।
ਰਹਿਣਾ ਪਾਰਟੀ ਵਿੱਚ ਤਾਂ ਰਹੇ ਬਣਿਆ,
ਨਹੀਂ ਤਾਂ ਲੱਭੇ ਕੋਈ ਹੋਰ ਸਥਾਨ ਬੇਲੀ।
ਜਾਣਾ ਕਿੱਧਰ ਨੂੰ ਸਿੱਧੂ ਨੇ ਪਤਾ ਕੋਈ ਨਾ,
ਰਹਿਣਾ ਔਖਾ ਜਿਹਾ ਪਾਰਟੀ ਵਿੱਚ ਬੇਲੀ।
ਜਾਣਦਾ ਟਿੱਚ ਉਹ ਪਿਆ ਸੀ ਹੋਰਨਾਂ ਨੂੰ,
ਜਾਣਿਆ ਉਨ੍ਹਾਂ ਵੀ ਅੱਗੋਂ ਹੈ ਟਿੱਚ ਬੇਲੀ।

**ਤੀਸ ਮਾਰ ਖਾਂ**

# ਕੋਟਕਪੂਰਾ ਗੋਲੀਕਾਂਡ ਕੇਸ: ਜਾਂਚ ਰਿਪੋਰਟ ਉਤੇ ਦਸਖਤ ਨਾ ਕਰਨ ਵਾਲੇ ਅਫਸਰਾਂ ਦੀ ਜਵਾਬਦੇਹੀ ਵੀ ਤੈਅ ਹੋਵੇਗੀ : ਅਮਰਿੰਦਰ

ਚੰਡੀਗੜ੍ਹ, 27 ਅਪਰੈਲ, (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਅੱਜ ਇਹ ਸੰਕੇਤ ਦੇ ਦਿੱਤੇ ਹਨ ਕਿ ਬਹਿਬਲਕਲਾਂ ਤੇ ਕੋਟਕਪੂਰਾ ਪੁਲਸ ਫਾਇਰਿੰਗ ਤੇ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਦੀਆਂ ਘਟਨਾਵਾਂ ਦੀ ਜਾਂਚ ਲਈ ਬਣਾਈ ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਦੀ ਰਿਪੋਰਟ ਉੱਤੇ ਕੁਝ ਪੁਲਸ ਅਫਸਰਾਂ ਵਲੋਂ ਦਸਖਤ ਨਾ ਕਰਨ ਉੱਤੇ ਉਨ੍ਹਾਂ ਦੀ ਜਵਾਬਦੇਹੀ ਵੀ ਤੈਅ ਹੋਵੇਗੀ। ਇਸ ਸੰਬੰਧ ਵਿੱਚ ਅੱਜ ਮੰਗਲਵਾਰ ਨੂੰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਐੱਸ ਆਈ ਟੀ ਦੀ ਰਿਪੋਰਟ ਉੱਤੇ ਕੁਝ ਪੁਲਸ ਅਫਸਰਾਂਦਾਦਸਖਤ ਨਾ ਕਰਨਾ ਗੰਭੀਰ ਮਾਮਲਾ ਹੈ ਅਤੇ ਸਰਕਾਰ ਇਸ ਬਾਰੇ ਉਨ੍ਹਾਂ ਤੋਂ ਸਪੱਸ਼ਟੀਕਰਨ ਮੰਗੇਗੀ। ਉਨ੍ਹਾਂ ਕਿਹਾ ਕਿ ਹਾਈ ਕੋਰਟ ਨੇ ਐੱਸ ਆਈ ਟੀ ਰਿਪੋਰਟ ਰੱਦ ਕੀਤੀ



ਹੈ, ਪਰ ਉਨ੍ਹਾਂ ਦੀ ਨਿਜੀ ਰਾਏ ਹੈ ਕਿ ਹਾਈ ਕੋਰਟ ਦੀਆਂ ਕੁਝ ਟਿੱਪਣੀਆਂ ਦੇ ਖਿਲਾਫ ਪੰਜਾਬ ਸਰਕਾਰ ਸੁਪਰੀਮ ਕੋਰਟਜਾਵੇਗੀ। ਉਨ੍ਹਾਂ ਕਿਹਾ ਕਿ ਨਵੀਂ ਐੱਸ ਆਈ ਟੀ ਹਾਈ ਕੋਰਟ ਵੱਲੋਂਉਠਾਏ ਮੁੱਦਿਆਂ ਨੂੰ ਵੀ ਦੇਖੇਗੀਤੇ ਸਰਕਾਰ ਇਸ ਕੇਸ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਹੋਰ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾ ਕੇ ਰਹੇਗੀ।

ਪੰਜਾਬ ਵਿੱਚ ਕੋਵਿਡ ਕੇਸਾਂ ਬਾਰੇਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਇਸ ਵੇਲੇ ਨਾ ਸਿਰਫ ਸਾਡੇ ਆਪਣੇ ਰਾਜ ਦੇ ਕੇਸ, ਸਗੋਂਦਿੱਲੀ, ਹਰਿਆਣਾ, ਹਿਮਾਚਲ ਪ੍ਰਦੇਸ਼, ਜੰਮੂ-ਕਸ਼ਮੀਰ ਅਤੇ ਰਾਜਸਥਾਨਦੇ ਮਰੀਜ਼ ਵੀ ਇਲਾਜ ਲਈ ਆ ਰਹੇ ਹਨ। ਉਨ੍ਹਾਂ ਕਿਹਾ ਕਿ ਖੁੱਲ੍ਹੇ ਦਿਲ ਪੰਜਾਬੀ ਹੋਰ ਰਾਜਾਂ ਦੇ ਮਰੀਜ਼ਾਂ ਨੂੰ ਵੀ ਸਹਿਯੋਗ ਦੇਣਗੇ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਫੌਜ ਦੀ ਮਦਦ ਮੰਗੀ ਹੈ ਅਤੇ ਉਦਯੋਗ ਸੈਕਟਰੀ ਜਲਦੀ ਹੀ ਇਸ ਬਾਰੇ ਫੌਜੀ ਅਫਸਰਾਂ ਨਾਲ ਗੱਲਬਾਤ ਕਰਕੇ ਬੰਦ ਪਏ ਆਕਸੀਜਨ ਪਲਾਂਟਾਂ ਨੂੰ ਚਾਲੂ ਕਰਾਉਣਗੇ।

## ਸਿਵਲ ਹਸਪਤਾਲ ਵਿੱਚ ਆਕਸੀਜਨ ਆਡਿਟ ਨਾਲ ਜੀਵਨ ਰੱਖਿਅਕ ਗੈਸ ਦੀ ਖ਼ਪਤ 47.8 ਫ਼ੀਸਦੀ ਘਟੀ

ਜਲੰਧਰ, 27 ਅਪ੍ਰੈਲ (ਪੋਸਟ ਬਿਊਰੋ)- ਸਿਵਲ ਹਸਪਤਾਲ ਵਿੱਚ ਰੋਜ਼ 410 ਸਿਲੰਡਰਾਂ ਦੀ ਖ਼ਪਤ ਨੂੰ ਘਟਾਉਣ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕਰਾਏ ਆਕਸੀਜਨ ਆਡਿਟ ਦੇ ਸਾਰਥਕ ਨਤੀਜੇ ਨਿਕਲੇ ਹਨ, ਜਿਸ ਨਾਲ ਪ੍ਰਸ਼ਾਸਨ ਹਸਪਤਾਲ ਵਿੱਚ ਪਿਛਲੇ ਦਿਨਾਂ ਵਿੱਚ ਆਕਸੀਜਨ ਦੀ ਖ਼ਪਤ ਨੂੰ 47.8 ਫ਼ੀਸਦੀ ਘਟਾਉਣ ਵਿੱਚ ਸਫ਼ਲ ਰਿਹਾ ਹੈ।

ਇਸ ਸਬੰਧ ਵਿਚ ਐਡੀਸ਼ਨਲ ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ ਨੇ ਕਿਹਾ ਕਿ ਦੁਰਵਰਤੋਂ ਨੂੰ ਘੱਟ ਕਰਨ, ਲੀਕੇਜ ਅਤੇ ਫਰਕ ਨੂੰ ਦੂਰ ਕਰਨਾ ਕੁਝ ਮਹੱਤਵਪੂਰਨ ਕਦਮ ਹਨ, ਜੋ ਇਸ ਜੀਵਨ ਰੱਖਿਅਕ ਗੈਸ ਦੀ ਸਰਬੋਤਮ ਵਰਤੋਂ ਨੂੰ ਯਕੀਨੀ ਬਣਾਉਂਦੇ ਹਨ। ਉਨ੍ਹਾਂ ਦੱਸਿਆ ਕਿ ਆਡਿਟ ਦੌਰਾਨ ਸਾਰੀਆਂ ਸਪਲਾਈ ਲਾਈਨਾਂ ਦੀ ਜਾਂਚ ਕੀਤੀ ਤੇ ਲੀਕੇਜ ਠੀਕ ਕੀਤੀ ਗਈ ਅਤੇ ਹਸਪਤਾਲ ਵਿੱਚ ਵਰਤੇ ਜਾਂਦੇ ਹਰ ਸਿਲੰਡਰ ਦਾ ਰਿਕਾਰਡ ਦੀ ਲਾਗ ਬੁੱਕ ਲਾਉਣ ਦੇ ਨਾਲ ਨਿਗਰਾਨੀ ਲਈ ਸੀ ਸੀ ਟੀ ਵੀ ਕੈਮਰੇ ਲਾਏ ਹਨ। ਉਨ੍ਹਾਂ ਦੱਸਿਆ ਕਿ ਇਹ ਕਦਮ ਸਿਵਲ ਹਸਪਤਾਲ ਵਿੱਚ ਆਕਸੀਜਨ ਦੀ ਮੰਗ 410 ਤੋਂ ਘਟਾ ਕੇ ਰੋਜ਼ 214 ਸਿਲੰਡਰ ਕਰਨਵਾਲੇ ਸਿੱਧ ਹੋਏ ਹਨ।

## ਸੰਸਾਰ ਭਰ ਵਿੱਚ ਇੱਕੋ ਦਿਨ ਕੋਰੋਨਾ ਨਾਲ ਦਸ ਹਜ਼ਾਰ ਤੋਂ ਵੱਧ ਮੌਤਾਂ

* ਪੰਜਾਬ ਵਿੱਚ ਪਹਿਲੀ ਵਾਰ ਇੱਕੋ ਦਿਨ 100 ਮੌਤਾਂ

ਵਾਸ਼ਿੰਗਟਨ, 27 ਅਪਰੈਲ, (ਪੋਸਟ ਬਿਊਰੋ)- ਦੁਨੀਆ ਵਿੱਚ ਕੋਰੋਨਾ ਮਹਾਮਾਰੀ ਦੇ ਕਾਰਨ ਮੰਗਲਵਾਰ ਨੂੰ ਇਕ ਦਿਨ ਵਿੱਚ ਦਸ ਹਜ਼ਾਰ ਤੋਂ ਵੱਧਲੋਕਾਂ ਦੀ ਮੌਤ ਹੋ ਗਈ ਅਤੇ ਸੱਤ ਲੱਖ ਤੋਂ ਵੱਧ ਨਵੇਂ ਕੇਸ ਮਿਲੇ ਹਨ। ਜੌਨਸ ਹਾਪਕਿਨਸ ਯੂਨੀਵਰਸਿਟੀ ਦੇ ਡਾਟੇ ਮੁਤਾਬਕ ਮੰਗਲਵਾਰ ਸਵੇਰੇ ਕੋਰੋਨਾ ਪੀੜਤਾਂ ਦਾ ਸੰਸਾਰ ਅੰਕੜਾ 14 ਕਰੋੜ 75 ਲੱਖ 33 ਹਜ਼ਾਰ ਤੋਂ ਵੱਧ ਹੋ ਗਿਆਅਤੇ ਮੌਤਾਂ ਦੀ ਗਿਣਤੀ ਵਧ ਕੇ 31 ਲੱਖ 16 ਹਜ਼ਾਰ 582 ਹੋ ਗਈ। ਇਕ ਦਿਨ ਪਹਿਲਾਂ ਦੁਨੀਆ ਵਿੱਚਕੇਸਾਂ ਦੀ ਗਿਣਤੀ 14 ਕਰੋੜ 68 ਲੱਖ 30 ਹਜ਼ਾਰ ਤੋਂ ਵੱਧਅਤੇ ਮੌਤਾਂ ਦਾ ਅੰਕੜਾ 31 ਲੱਖ ਛੇ ਹਜ਼ਾਰ 384 ਸੀ।ਸੰਸਾਰ ਵਿੱਚ ਸਭ ਤੋਂ ਵੱਧ ਪ੍ਰਭਾਵਤ ਅਮਰੀਕਾ ਵਿੱਚਅੱਜ ਤਕ ਪੰਜ ਲੱਖ 86 ਹਜ਼ਾਰ ਤੋਂ ਵੱਧ ਦੀ ਮੌਤ ਹੋਈ ਹੈ। ਅਮਰੀਕਾ ਤੋਂ ਬਾਅਦ ਸਭ ਤੋਂਵੱਧ ਪ੍ਰਭਾਵਤ ਦੇਸ਼ ਭਾਰਤ ਤੇ ਬ੍ਰਾਜ਼ੀਲ ਹਨ।

ਇਸ ਦੌਰਾਨ ਭਾਰਤੀ ਪੰਜਾਬ ਵਿੱਚ ਅੱਜ ਮੰਗਲਵਾਰ ਇੱਕੋ ਦਿਨ ਵਿੱਚ 100 ਲੋਕਾਂ ਦੀ ਮੌਤ ਹੋਈ ਅਤੇ 5932 ਨਵੇਂ ਕੇਸ ਮਿਲੇ ਹਨ। ਸਿਹਤ ਵਿਭਾਗ ਦੇ ਬੁਲੇਟਿਨ- ਮੁਤਾਬਕ ਕੋਰੋਨਾ ਦੇ ਨਾਲ ਅੱਜਪੰਜਾਬ ਵਿੱਚ ਪਹਿਲੀ ਵਾਰ ਇੱਕੋ ਦਿਨ100 ਮਰੀਜ਼ਾਂ ਦੀ ਮੌਤ ਹੋਈ, ਜਿਨ੍ਹਾਂ ਵਿੱਚੋਂ ਸਭ ਤੋਂ ਵੱਧ17 ਮੌਤਾਂ ਅੰਮ੍ਰਿਤਸਰ ਜ਼ਿਲ੍ਹੇ ਵਿੱਚ ਹੋਈਆਂ। ਲੁਧਿਆਣਾ ਵਿੱਚ 13, ਜ਼ਿਲਾ ਮੋਹਾਲੀ ਵਿੱਚ 11, ਪਟਿਆਲਾ 9, ਬਠਿੰਡਾ ਤੇ ਹੁਸ਼ਿਆਰਪੁਰ7-7, ਜਲੰਧਰ ਤੇ ਫਾਜਿਲਕਾ ਵਿੱਚ 6-6, ਫਿਰੋਜ਼ਪੁਰ5, ਨਵਾਂ ਸ਼ਹਿਰ ਤੇ ਕਪੂਰਥਲਾ4-4, ਤਰਨਤਾਰਨ ਤੇ ਮੁਕਤਸਰ3-3, ਫਰੀਦਕੋਟ ਵਿੱਚ 2 ਤੇ ਬਰਨਾਲਾ ਤੇ ਪਠਾਨਕੋਟ ਜ਼ਿਲ੍ਹੇ ਵਿੱਚ 1-1 ਮਰੀਜ਼ ਦੀ ਮੌਤ ਹੋਈ ਹੈ।

# ਨਵਜੋਤ ਸਿੱਧੂ ਦੀ ਬਿਆਨਬਾਜ਼ੀ ਤੋਂ ਭੜਕੇ ਕੈਪਟਨ ਵਲੋਂ ਸਿੱਧੂ ਨੂੰ ਚੋਣ ਲੜਨ ਦੀ ਚੁਣੌਤੀ

* ਤਲਖ਼ੀ ਦੌਰਾਨ ਸਿੱਧੂ ਵੱਲੋਂ ਫਿਰ ਮੋੜਵਾਂ ਬਿਆਨ ਜਾਰੀ

ਚੰਡੀਗੜ੍ਹ, 27 ਅਪਰੈਲ, (ਪੋਸਟ ਬਿਊਰੋ)- ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੇ ਕੋਟਕਪੂਰਾ ਗੋਲ਼ੀ ਕਾਂਡ ਦੇਕੇਸਬਾਰੇ ਪੰਜਾਬ ਦੇ ਸਾਬਕਾ ਲੋਕਲ ਬਾਡੀਜ਼ ਮੰਤਰੀ ਨਵਜੋਤ ਸਿੰਘ ਸਿੱਧੂ ਵਲੋਂ ਲਗਾਤਾਰ ਕੀਤੇ ਗਏ ਹਮਲਿਆਂ ਤੋਂ ਭੜਕ ਕੇਮੁੱਖਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਚੁੱਪ ਤੋੜਦੇ ਹੋਏਅੱਜ ਉਸ ਨੂੰ ਜਵਾਬ ਦੇਂਦਿਆਂ ਕਿਹਾ ਕਿ ਸਿੱਧੂ ਕਿਸੇ ਹੋਰ ਪਾਰਟੀ ਵਿਚ ਜਾਣ ਵਾਲਾ ਹੈ। ਉਨ੍ਹਾਂ ਕਿਹਾ ਕਿ ਜਦੋਂ ਕੋਈ ਵਿਧਾਇਕ ਆਪਣੇ ਮੁੱਖ ਮੰਤਰੀ ਖ਼ਿਲਾਫ ਬੋਲਣ ਲੱਗ ਪੈਂਦਾ ਹੈ ਤਾਂ ਇਸ ਦਾ ਮਤਲਬ ਹੈ ਕਿ ਉਹ ਕਿਸੇ ਹੋਰ ਪਾਰਟੀ ਵਿਚ ਜਾਣ ਨੂੰ ਤਿਆਰ ਹੈ।

ਇਕ ਟੀ ਵੀ ਚੈਨਲ ਨੂੰ ਦਿੱਤੇ ਇੰਟਰਵਿਊ ਵਿੱਚ ਕੈਪਟਨ ਅਮਰਿੰਦਰ ਸਿੰਘ ਨੇ ਨਵਜੋਤ ਸਿੱਧੂ ਨੂੰ ਪਟਿਆਲਾ ਤੋਂ ਚੋਣ ਲੜਨ ਦੀ ਚੁਣੌਤੀ ਦੇ ਕੇ ਕਿਹਾ ਕਿ ਜੇ ਉਹ ਮੇਰੇ ਖਿਲਾਫ਼ ਚੋਣ ਲੜਨੀ ਚਾਹੇ ਤਾਂ ਸ਼ੌਕ ਨਾਲ ਲੜੇ, ਪਰ ਪਿਛਲੀਆਂ ਚੋਣਾਂ ਵਿਚ ਜਿਹੜਾ ਹਾਲ ਜਨਰਲ ਜੇ ਜੇ ਸਿੰਘ ਦਾ ਹੋਇਆ, ਉਹ ਨਾ ਭੁੱਲੇ। ਉਨ੍ਹਾਂ ਕਿਹਾ ਕਿ ਸਿੱਧੂ ਪਟਿਆਲਾ ਤੋਂ ਚੋਣ ਲੜੇ ਤਾਂ ਜਨਰਲ ਜੇ ਜੇ ਸਿੰਘ ਵਾਂਗ ਉਸ ਦੀ ਜ਼ਮਾਨਤ ਜ਼ਬਤ ਹੋ ਜਾਵੇਗੀ।ਉਨ੍ਹਾ ਨੇ ਕਿਹਾ ਕਿ ਸਿੱਧੂ ਨੂੰ ਇਹ ਵੀ ਨਹੀਂ ਪਤਾ ਕਿ ਉਹ ਕਿਸ ਪਾਰਟੀ ਵਿਚ ਹੈ, ਜੇ ਕਾਂਗਰਸ ਵਿਚ ਹੈ ਤਾਂ ਅਨੁਸ਼ਾਸਨ ਵਿਚ ਕੰਮ ਕਰੇ। ਉਨ੍ਹਾਂ ਕਿਹਾ ਕਿਪਹਿਲਾਂ ਸਿੱਧੂਸਾਫ ਕਰੇਕਿ ਕਿਸ ਪਾਰਟੀ ਵਿੱਚਜਾਣਾ ਹੈ, ਕਿਉਂਕਿ ਭਾਜਪਾ ਨੂੰ ਗਾਲ੍ਹਾਂ ਕੱਢ ਕੇ ਨਿਕਲਿਆ ਹੈ, ਉਸ ਨੇ ਲੈਣਾ ਨਹੀਂ, ਅਕਾਲੀ ਤੋਂ ਉਂਝ ਔਖੇ ਹਨ, ਫਿਰ ਇਹ ਕਿਸ ਪਾਰਟੀ ਵਿੱਚਜਾਵੇਗਾ, ਪਹਿਲਾਂ ਇਹ ਗੱਲ ਸਾਫ ਕਰੇ।


ਵਰਨਣ ਯੋਗ ਹੈ ਕਿ ਕੋਟਕਪੂਰਾ ਗੋਲ਼ੀ ਕਾਂਡ ਉੱਤੇਹਾਈ ਕੋਰਟਦਾ ਫ਼ੈਸਲਾ ਆਉਣਮਗਰੋਂ ਨਵਜੋਤ ਸਿੱਧੂਨੇ ਕੈਪਟਨ ਅਮਰਿੰਦਰ ਸਿੰਘ ਉੱਤੇ ਲਗਾਤਾਰ ਹਮਲੇ ਬੋਲੇ ਤੇ ਪਟਿਆਲੇ ਦੀ ਪ੍ਰੈੱਸ ਕਾਨਫਰੰਸ ਵਿੱਚ ਪੰਜਾਬ ਸਰਕਾਰ ਦੀ



ਕਾਰਗੁਜ਼ਾਰੀ ਉੱਤੇ ਸਵਾਲ ਚੁੱਕਣ ਦੇ ਨਾਲ ਬੇਅਦਬੀ ਦੇ ਦੋਸ਼ੀਆਂ ਨਾਲ ਮਿਲੀਭੁਗਤ ਦੇ ਦੋਸ਼ ਲਾਏ ਸਨ।ਇਕ ਟਵੀਟ ਵਿਚ ਸਿੱਧੂ ਨੇ ਇਥੋਂ ਤਕ ਕਿਹਾ ਕਿ 'ਕੀ ਗ੍ਰਹਿ ਮੰਤਰੀ (ਜੋ ਕੈਪਟਨ ਅਮਰਿੰਦਰ ਸਿੰਘ ਖੁਦ ਹਨ) ਲਈ ਬੇਅਦਬੀ ਕੇਸ ਸਭ ਤੋਂ ਅਹਿਮ ਨਹੀਂ, ਆਪਣੀ ਜ਼ਿੰਮੇਵਾਰੀ ਕਿਸੇ ਸਿਰ ਮੜ੍ਹਨੀ ਤੇ ਐਡਵੋਕੇਟ ਜਨਰਲ ਨੂੰ ਬਲੀ ਦਾ ਬੱਕਰਾ ਬਣਾਉਣ ਦਾ ਮਤਲਬ ਹੈ ਨਜ਼ਰਸਾਨੀ ਦਾ ਕੰਟਰੋਲ ਕਾਰਜਕਾਰੀ ਅਥਾਰਟੀ ਦੇ ਹੱਥ ਵਿੱਚ ਨਹੀਂ ਹੈ। ਫਿਰ ਐਡਵੋਕੇਟ ਜਨਰਲ ਦੀ ਲਗਾਮ ਕਿਸ ਦੇ ਹੱਥ ਹੈ? ਜ਼ਿੰਮੇਵਾਰੀਆਂ ਤੋਂ ਭੱਜਣ ਦੀ ਇਸ ਖੇਡ ਵਿਚ ਲੀਗਲ ਟੀਮ ਦੇ ਮੈਂਬਰ ਤਾਂ ਮਹਿਜ਼ ਪਿਆਦੇ ਹਨ।' ਇਕ ਹੋਰ ਟਵੀਟ ਵਿਚ ਸਿੱਧੂ ਨੇ ਕਿਹਾ ਕਿ ਜੇ ਚਾਰਜਸ਼ੀਟ ਵਿਚ ਪ੍ਰਕਾਸ਼ ਸਿੰਘ ਤੇ ਸੁਖਬੀਰ ਬਾਦਲ ਦੇ ਨਾਮ ਆਉਣ ਤੋਂ ਦੋ ਸਾਲ ਬਾਅਦ ਵੀ ਉਨ੍ਹਾਂ ਖਿਲਾਫ ਚਲਾਨ ਪੇਸ਼ ਨਹੀਂ ਹੋਇਆ ਤੇ ਨਾ ਉਨ੍ਹਾਂ ਦਾ ਨਾਮ ਐੱਫ ਆਈ ਆਰ (ਕੇਸ ਦੀ ਮੁੱਢਲੀ ਰਿਪੋਰਟ) ਵਿੱਚ ਪਾਇਆ ਹੈ ਤਾਂ ਇਨਸਾਫ਼ ਕਿਵੇਂ ਮਿਲੇਗਾ? ਇਨ੍ਹਾਂ ਦੋਵਾਂ ਵਿਰੁੱਧ ਸਬੂਤ ਅਦਾਲਤ ਵਿੱਚ ਕਿਉਂ ਪੇਸ਼ ਨਾ ਕੀਤੇ? ਪੰਜਾਬ ਦੇ ਸਭ ਤੋਂ ਅਹਿਮ ਕੇਸ ਨੂੰ ਠੰਢੇ ਬਸਤੇ ਵਿੱਚ ਪਾਉਣ ਤੇ ਲੀਹੋਂ ਲਾਹੁਣ ਲਈ ਕੌਣ ਜ਼ਿੰਮੇਵਾਰ ਹੈ?' ਇਸ ਕਾਰਨ ਅੱਜ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਉਸ ਨੂੰ ਤਿੱਖਾ ਜਵਾਬ ਦਿੱਤਾ ਹੈ।

ਦੂਸਰੇ ਪਾਸੇ ਇਸ ਤਲਖ਼ੀ ਦੌਰਾਨ ਅੱਜ ਨਵਜੋਤ ਸਿੰਘ ਸਿੱਧੂ ਨੇ ਸੋਸ਼ਲ ਮੀਡੀਆ ਉੱਤੇਕਿਹਾ ਕਿ 'ਪੰਜਾਬ ਦੀ ਚੇਤਨਤਾ ਨੂੰ ਭਟਕਾਉਣ ਦੇ ਸਭ ਯਤਨ ਅਸਫ਼ਲ ਹੋਣਗੇ, ਪੰਜਾਬ ਮੇਰੀ ਰੂਹ ਹੈ ਅਤੇ ਪੰਜਾਬ ਦੀ ਰੂਹ ਸ੍ਰੀ ਗੁਰੂ ਗ੍ਰੰਥ ਸਾਹਿਬ, ਸਾਡੀ ਲੜਾਈ ਇਨਸਾਫ਼ ਅਤੇ ਦੋਸ਼ੀਆਂ ਨੂੰ ਦੰਡ ਦਿਵਾਉਣ ਦੀ ਹੈ। ਇਸ ਲੜਾਈ ਵਿਚ ਕਿਸੇ ਵਿਧਾਨ ਸਭਾ ਸੀਟ ਬਾਰੇ ਵਿਚਾਰ ਕਰਨਾ ਕੋਈ ਅਹਿਮੀਅਤ ਨਹੀਂ ਰੱਖਦਾ।' ਨਵਜੋਤ ਸਿੱਧੂ ਵਲੋਂ ਸੋਸ਼ਲ ਮੀਡੀਆ ਉੱਤੇਦਿੱਤੇ ਇਸ ਬਿਆਨ ਨੂੰ ਮੁੱਖ ਮੰਤਰੀ ਦੀ ਅੱਜ ਦੀ ਚੁਣੌਤੀ ਨਾਲ ਜੋੜ ਕੇ ਵੇਖਿਆ ਜਾ ਰਿਹਾ ਹੈ।


ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ




Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS


905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

Grand Upholstery Ltd
Sofa Company Originality in Every Piece
Special on Sale

- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ

ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
2053 williams Pkway unit #45, Brampton, ON L6S 5T4 Email: granduphoisery@gmail.com

ukttc UK TRUCK TRAINING CENTRE PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge



Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936

NEED A LAWYER ??
KAUR LAW OFFICE
Red Seal NOTARY



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

SherGill Law Firm
Barrister, Solicitor & Notary Public
Services:
- Real Estate
- Residential, Commercial & Franchise
- Criminal Law
- Family Law
- Affidavit, Power Of Attorney & Notarization
- Immigration Matters

Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca



# ਐਸੋਸੀਏਸ਼ਨ ਆਫ਼ ਸੀਨੀਅਰਜ਼ ਕਲੱਬਜ਼ ਨੇ ਸੀਨੀਅਰਾਂ ਲਈ ਓ.ਏ.ਐੱਸ. ਵਿਚ ਵਾਧਾ ਕਰਨ 'ਤੇ ਫ਼ੈੱਡਰਲ ਸਰਕਾਰ ਦਾ ਕੀਤਾ ਧੰਨਵਾਦ

## 65 ਸਾਲ ਤੋਂ ਵਧੇਰੇ ਉਮਰ ਦੇ ਸੀਨੀਅਰਾਂ ਲਈ ਵੀ ਰਾਹਤ ਦੇਣ ਦੀ ਮੰਗ ਕੀਤੀ

ਬਰੈਂਪਟਨ, (ਡਾ. ਝੰਡ) - ਬੀਤੇ ਦਿਨੀਂ ਹੋਈ ਐਸੋਸੀਏਸ਼ਨ ਆਫ਼ ਸੀਨੀਅਰਜ਼ ਕਲੱਬਜ਼ ਆਫ਼ ਬਰੈਂਪਟਨ ਦੀ ਕਾਰਜਕਾਰਨੀ ਕਮੇਟੀ ਦੀ ਜ਼ੂਮ-ਮੀਟਿੰਗ ਵਿਚ ਫ਼ੈੱਡਰਲ ਬੱਜਟ-2021 ਵਿਚ 75 ਸਾਲ ਤੋਂ ਉੱਪਰਲੇ ਸੀਨੀਅਰਜ਼ ਲਈ ਓ.ਏ.ਐੱਸ. ਵਿਚ ਵਾਧਾ ਕਰਨ ਲਈ ਫ਼ੈੱਡਰਲ ਸਰਕਾਰ ਦਾ ਧੰਨਵਾਦ ਕੀਤਾ ਗਿਆ। ਕਮੇਟੀ ਮੈਂਬਰਾਂ ਦਾ ਸਮੂਹਿਕ ਵਿਚਾਰ ਸੀ ਕਿ ਸੀਨੀਅਰਾਂ ਦੀ ਭਲਾਈ ਨੂੰ ਮੁੱਖ ਰੱਖਦਿਆਂ ਹੋਇਆਂ ਸਰਕਾਰ ਵੱਲੋਂ ਇਹ ਬਹੁਤ ਵਧੀਆ ਤੇ ਸ਼ਲਾਘਾਯੋਗ ਫ਼ੈਸਲਾ ਲਿਆ ਗਿਆ ਹੈ। ਇਸ ਦੇ ਨਾਲ ਹੀ ਉਨ੍ਹਾਂ ਦਾ ਕਹਿਣਾ ਸੀ ਕਿ ਕੈਨੇਡਾ ਸਰਕਾਰ 65 ਸਾਲ ਤੋਂ ਉੱਪਰ ਵਾਲੇ ਵਿਅੱਕਤੀਆਂ ਨੂੰ ਸੀਨੀਅਰ ਸਿਟੀਜ਼ਨ ਮੰਨਦੀ ਹੈ ਅਤੇ ਸਰਕਾਰ ਨੂੰ ਉਨ੍ਹਾਂ ਦੀਆਂ ਸਮਾਜਿਕ ਅਤੇ ਆਰਥਿਕ ਜ਼ਰੂਰਤਾਂ ਦਾ ਵੀ ਖ਼ਿਆਲ ਰੱਖਣਾ ਚਾਹੀਦਾ ਹੈ। ਉਨ੍ਹਾਂ ਇਹ ਮੰਗ ਕੀਤੀ ਕਿ ਸਰਕਾਰ ਨੂੰ 65 ਤੋਂ 75 ਸਾਲ ਦੀ ਉਮਰ ਵਾਲੇ ਸੀਨੀਅਰਾਂ ਦੇ ਓ.ਏ.ਐੱਸ. ਵਿਚ ਵੀ ਵਾਧਾ ਕਰਨਾ ਚਾਹੀਦਾ ਹੈ।

ਕਾਰਜਕਾਰਨੀ ਕਮੇਟੀ ਵੱਲੋਂ 2019 ਵਿਚ ਲਏ ਗਏ ਆਪਣੇ ਫ਼ੈਸਲੇ ਨੂੰ ਦੁਹਰਾਉਂਦਿਆਂ ਹੋਇਆਂ ਇਹ ਵੀ ਮੰਗ ਕੀਤੀ ਗਈ ਕਿ ਜਿਨ੍ਹਾਂ ਸੀਨੀਅਰ ਸਿਟੀਜ਼ਨਾਂ ਦੀ ਉਮਰ 65 ਸਾਲ ਜਾਂ ਇਸ ਤੋਂ ਵਧੇਰੇ ਹੋ ਗਈ ਹੈ ਪਰ ਉਨ੍ਹਾਂ ਦਾ ਕੈਨੇਡਾ ਵਿਚ 10 ਸਾਲ ਦਾ ਸਟੇਅ ਅਜੇ ਤੱਕ ਪੂਰਾ ਨਹੀਂ ਹੋਇਆ, ਉਨ੍ਹਾਂ ਨੂੰ ਵੀ ਘੱਟੋ-ਘੱਟ 500 ਡਾਲਰ ਪ੍ਰਤੀ ਮਹੀਨਾ ਆਰਥਿਕ ਸਹਾਇਤਾ ਦਿੱਤੀ ਜਾਵੇ ਤਾਂ ਜੋ ਉਨ੍ਹਾਂ ਦਾ ਜੀਵਨ ਵੀ ਸੁਖਾਲਾ ਅਤੇ ਕੁਝ ਹੱਦ ਤੀਕ ਆਤਮ-ਨਿਰਭਰ ਬਣਾਇਆ ਜਾ ਸਕੇ। ਕਮੇਟੀ ਮੈਂਬਰਾਂ ਵੱਲੋਂ ਆਪਣੀ ਉਪਰੋਕਤ ਮੰਗ ਵਿਚ ਇਸ ਸਬੰਧੀ ਬਰੈਂਪਟਨ ਪੂਰਬੀ ਦੇ ਮੈਂਬਰ ਪਾਰਲੀਮੈਂਟ ਮਨਿੰਦਰ ਸਿੰਘ ਸਿੱਧੂ ਨੂੰ ਕੀਤੀ ਗਈ ਲਿਖਤੀ ਬੇਨਤੀ ਦਾ ਵੀ ਹਵਾਲਾ ਦਿੱਤਾ ਗਿਆ ਜੋ ਉਨ੍ਹਾਂ ਵੱਲੋਂ ਆਪਣੀ ਟਿੱਪਣੀ ਸਮੇਤ ਫ਼ੈੱਡਰਲ ਸਰਕਾਰ ਨੂੰ ਭੇਜੀ ਗਈ ਸੀ।

ਕਮੇਟੀ ਮੈਂਬਰਾਂ ਵੱਲੋਂ ਸਾਰੇ ਸੀਨੀਅਰਜ਼ ਨੂੰ ਇਸ ਸਮੇਂ ਚੱਲ ਲਈ ਕਰੋਨਾ ਦੀ ਭਿਆਨਕ ਆਫ਼ਤ ਤੋਂ ਬੱਚਣ ਲਈ ਇਸ ਸਬੰਧੀ ਸਰਕਾਰ ਵੱਲੋਂ ਜਾਰੀ ਕੀਤੀਆਂ ਗਈਆਂ ਹਦਾਇਤਾਂ ਦੀ ਪੂਰੀ ਤਰ੍ਹਾਂ ਪਾਲਣਾ ਕਰਨ ਲਈ ਅਪੀਲ ਕੀਤੀ ਗਈ। ਉਨ੍ਹਾਂ ਸਮੂਹ ਸੀਨੀਅਰ ਸਾਥੀਆਂ ਨੂੰ ਕਰੋਨਾ ਦੀਆਂ ਦੋਹਾਂ ਖ਼ੁਰਾਕਾਂ ਦੇ ਟੀਕੇ ਲਗਵਾਉਣ ਦੀ ਵੀ ਬੇਨਤੀ ਕੀਤੀ। ਉਨ੍ਹਾਂ ਕਿਹਾ ਕਿ ਮਾਸਕ ਪਹਿਨਣ ਤੇ ਛੇ ਫ਼ੁੱਟ ਦੀ ਆਪਸੀ ਦੂਰੀ ਦੇ ਨਿਯਮਾਂ ਦੀ ਹਰ ਹਾਲਤ ਵਿਚ ਪਾਲਣਾ ਕੀਤੀ ਜਾਣੀ ਚਾਹੀਦੀ ਹੈ, ਅਤੇ ਗਾਹੇ-ਬਗਾਹੇ ਸਾਨੂੰ ਸਾਬਣ ਨਾਲ ਆਪਣੇ ਹੱਥ ਧੋਣੇ ਵੀ ਨਹੀਂ ਭੁੱਲਣੇ ਚਾਹੀਦੇ। ਉਨ੍ਹਾਂ ਕਿਹਾ ਕਿ ਸੀਨੀਅਰਾਂ ਨੂੰ ਲਈ ਸਰਕਾਰ ਵੱਲੋਂ ਮਿਲਣ ਵਾਲੀਆਂ ਡੈਂਟਲ ਕੇਅਰ ਦੀਆਂ ਸਹੂਲਤਾਂ, ਘੱਟ ਖ਼ਰਚੇ ਵਾਲੇ ਅੰਤਮ-ਸਸਕਾਰਾਂ ਅਤੇ ਸੀਨੀਅਰਜ਼ ਦੇ ਹੋਰ ਮਸਲਿਆਂ ਸਬੰਧੀ ਵਿਚਾਰ ਸਾਂਝੇ ਕਰਨ ਲਈ ਐਸੋਸੀਏਸ਼ਨ ਆਫ਼ ਸੀਨੀਅਰਜ਼ ਕਲੱਬਜ਼ ਦੇ ਹੇਠ ਲਿਖੇ ਮੈਂਬਰਾਂ ਨੂੰ ਉਨ੍ਹਾਂ ਦੇ ਫ਼ੋਨ ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ:

ਜੰਗੀਰ ਸਿੰਘ ਸਹਿੰਬੀ (416-409-0126), ਪਰਮਜੀਤ ਸਿੰਘ ਬੜਿੰਗ (647-963-0331), ਨਿਰਮਲ ਸਿੰਘ ਧਾਰਨੀ (647-764-4743), ਕਰਤਾਰ ਸਿੰਘ ਚਾਹਲ (647-854-8746), ਹਰਦਿਆਲ ਸਿੰਘ ਸੰਧੂ (647-686-4201), ਪ੍ਰੀਤਮ ਸਿੰਘ ਸਰਾਂ (416-833-0567), ਦੇਵ ਕੁਮਾਰ ਸੂਦ (416-553-0722), ਬਲਵਿੰਦਰ ਸਿੰਘ ਬਰਾੜ (647-262-4026).

# ਸੰਤ ਰਾਮ ਉਦਾਸੀ ਦੇ 80 ਵੇਂ ਜਨਮ ਦਿਵਸ ਮੌਕੇ ਆਨਲਾਈਨ ਸਮਾਗਮ ਕਰਵਾਇਆ

ਲੁਧਿਆਣਾ, 27 ਅਪ੍ਰੈਲ (ਗਿਆਨ ਸਿੰਘ): ਲੋਕ ਵਿਰਾਸਤ ਅਕਾਡਮੀ ਵੱਲੋਂ ਪੰਜਾਬ ਕਾਮਰਸ ਅਤੇ ਮੈਨੇਜਮੈਂਟ ਅਸੋਸੀਏਸ਼ਨ ਦੇ ਸਹਿਯੋਗ ਨਾਲ ਲੋਕ ਕਵੀ ਸੰਤ ਰਾਮ ਉਦਾਸੀ ਦੇ 80 ਵੇਂ ਜਨਮ ਦਿਵਸ ਮੌਕੇ ਆਨਲਾਈਨ ਸਮਾਗਮ ਕਰਵਾਇਆ ਗਿਆ। ਸੁਆਗਤੀ ਸ਼ਬਦ ਬੋਲਦਿਆਂ ਲੋਕ ਵਿਰਾਸਤ ਅਕਾਦਮੀ ਦੇ ਚੇਅਰਮੈਨ ਗੁਰਭਜਨ ਗਿੱਲ ਨੇ ਕਿਹਾ ਕਿ ਸੰਤ ਰਾਮ ਉਦਾਸੀ ਕਾਮਿਆਂ ਦਾ ਕਵੀ ਸੀ ਜਿਸ ਨੇ 1939 ਤੋਂ 1986 ਤੀਕ ਦੇ ਸੰਖੇਪ ਜੀਵਨ ਕਾਲ ਚ ਅਨੇਕ ਸਿਖਰਾਂ ਛੋਹੀਆਂ। ਉਹ ਸੰਘਰਸ਼ਾਂ ਚ ਸਰਕਾਰੀ ਜਬਰ ਦਾ ਸ਼ਿਕਾਰ ਵੀ ਹੋਇਆ ਤੇ ਹਰ ਵਰਗ ਦੀ ਲੁੱਟ ਦੇ ਖਿਲਾਫ਼ ਖੁੱਲ੍ਹ ਕੇ ਬੋਲਿਆ। ਕਵੀ ਦਰਬਾਰਾਂ ਚ ਉਸ ਦੀ ਆਵਾਜ਼ ਇੰਜ ਗੂੰਜਦੀ ਸੀ ਜਿਵੇਂ ਧਰਤੀ ਆਪਣੀ ਪੀੜ ਅੰਬਰ ਨੂੰ ਉਦਾਸੀ ਦੀ ਆਵਾਜ਼ ਰਾਹੀਂ ਸੁਣਾ ਰਹੀ ਹੋਵੇ।

ਪ੍ਰਧਾਨਗੀ ਭਾਸ਼ਨ ਦਿੰਦਿਆਂ ਡਾ. ਸ. ਪ. ਸਿੰਘ ਸਾਬਕਾ ਵਾਈਸ ਚਾਂਸਲਰ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਨੇ ਕਰਦਿਆਂ ਕਿਹਾ ਕਿ ਲੋਕ ਪੱਖੀ ਕਵਿਤਾ ਦੀ ਆਰੰਭਤਾ ਗੁਰੂ ਨਾਨਕ ਦੇਵ ਜੀ ਨੇ ਚੌਧਵੀਂ ਸਦੀ ਚ ਆਰੰਭੀ ਜਿਸ ਨੂੰ ਲੋਕ ਸੰਘਰਸ਼ ਦੇ ਰਾਹ ਗੁਰੂ ਗੋਬਿੰਦ ਸਿੰਘ ਜੀ ਨੇ ਤੋਰਿਆ। ਪੰਜਾਬੀ ਜਨ ਜੀਵਨ ਵਿੱਚ ਬਾਹਰਲੀਆਂ ਸ਼ਕਤੀਆਂ ਦੇ ਵਿਰੋਧ ਦੀ ਜਵਾਲਾ ਹੁਣ ਤੀਕ ਬਲ ਰਹੀ ਹੈ। ਸੰਤ ਰਾਮ ਉਦਾਸੀ ਕਾਵਿ ਉਸ ਦਾ ਅਹਿਮ ਪੜਾਅ ਹੈ। ਉਨ੍ਹਾਂ ਕਿਹਾ ਕਿ ਲੋਕ ਪੱਖੀ ਕਾਵਿ ਪਰੰਪਰਾ ਦਾ ਮੁਲਾਂਕਣ ਵਿਸ਼ਾਲ ਪ੍ਰਸੰਗ ਚ ਕਰਨ ਦੀ ਲੋੜ ਹੈ। ਉਸ ਵਰਗ ਚੇਤਨਾ ਨੂੰ ਕਵਿਤਾ ਚ ਢਾਲ ਕੇ ਲੋਕ ਕਾਵਿ ਪਰੰਪਰਾ ਨੂੰ ਮਜ਼ਬੂਤ ਕੀਤਾ।

ਮੁੱਖ ਭਾਸ਼ਨ ਦਿੰਦਿਆਂ ਡਾ. ਹਰਿੰਦਰ ਕੌਰ ਸੋਹਲ ਸਹਾਇਕ ਪ੍ਰੋਫ਼ੈਸਰ, ਪੰਜਾਬੀ ਵਿਭਾਗ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਨੇ ਕਿਹਾ ਕਿ ਸੰਤ ਰਾਮ ਉਦਾਸੀ ਦਾ ਜੀਵਨ ਤੇ ਕਲਾਮ ਸੰਰਸ਼ ਦੀ ਉਪਜ ਹੈ। ਇਸ ਦੇ ਲੋਕ ਧਾਰਾਈ ਕਾਵਿ ਧਰਾਤਲ ਦਾ ਅਧਿਐਨ ਕਰਨ ਲਈ ਉਹ ਨੇੜ ਭਵਿੱਖ ਚ ਯੋਜਨਾ ਬਣਾਉਣਗੇ।

ਪੰਜਾਬੀ ਕਹਾਣੀਕਾਰ ਤੇ ਸੰਤ ਰਾਮ ਉਦਾਸੀ ਕਾਵਿ ਆਲੋਚ-ਨਾ ਦੇ ਸੰਪਾਦਕ ਅਜਮੇਰ ਸਿੱਧੂ ਨੇ ਵਿਸ਼ੇਸ਼ ਮਹਿਮਾਨ ਵਜੋਂ ਸਮੇਟਵੀਂ ਚਰਚਾ ਕਰਦਿਆਂ ਕਿਹਾ ਕਿ ਲੋਕ ਸੰਘਰਸ਼ਾਂ ਚ ਅੱਜ ਵੀ ਉਦਾਸੀ ਸਭ ਤੋਂ ਕਾਰਗਰ ਹਥਿਆਰ ਵਾਂਗ ਪੇਸ਼ ਕੀਤਾ ਜਾ ਰਿਹਾ ਹੈ।




ਕਵੀ ਦਰਬਾਰ ਵਿੱਚ ਗੁਰਚਰਨ ਕੌਰ ਕੋਚਰ ਡਾ. ਦੇਵਿੰਦਰ ਦਿਲਰੂਪ, ਗੁਰਜੰਟ ਸਿੰਘ ਕਾਲਾ ਪਾਇਲ ਵਾਲਾ, ਤ੍ਰੈਲੋਚਨ ਲੋਚੀ ਮਨਜਿੰਦਰ ਧਨੋਆ, ਰਵੀਦੀਪ ਰਵੀ, ਡਾ: ਅਸ਼ਵਨੀ ਭੱਲਾ ਤੇ ਗੁਰਭਜਨ ਗਿੱਲ ਸ਼ਾਮਿਲ ਹੋਏ।

ਇਸ ਸਮਾਗਮ ਵਿੱਚ ਸੰਤ ਰਾਮ ਉਦਾਸੀ ਦੇ ਸਭ ਤੋਂ ਵੱਧ ਗੀਤ ਗਾਉਣ ਵਾਲੇ ਗਾਇਕ ਸ਼ਿੰਗਾਰਾ ਸਿੰਘ ਚਾਹਲ,ਵਿਜੈ ਯਮਲਾ ਜੱਟ ਪੰਜਾਬੀ ਯੂਨੀਵਰਸਿਟੀ, ਕਰਮਜੀਤ ਗਰੇਵਾਲ ਲਲਤੋਂ, ਰਾਮ ਸਿੰਘ ਅਲਬੇਲਾ, ਸੰਪੂਰਨ ਸਿੰਘ ਅਮਨਦੀਪ ਸਿੰਘ ਤੇ ਦਰਸ਼ਨ ਸਿੰਘ ਗੁਰੂ ਦਾ ਟੱਲੇਵਾਲੀਆ ਕਵੀਸ਼ਰੀ ਜਥਾ ਤੇ ਪ੍ਰੋ: ਸ਼ੁਭਾਸ਼ ਦੁੱਗਲ ਜਲੰਧਰ ਨੇ ਆਪੋ ਆਪਣੀ ਆਵਾਜ਼ ਦਾ ਜਾਦੂ ਬਿਖੇਰਿਆ।

ਇਸ ਸਮਾਗਮ ਵਿੱਚ ਲੋਕ ਕਵੀ ਸੰਤ ਰਾਮ ਉਦਾਸੀ ਜੀ ਦਾ ਪਰਿਵਾਰ ਵਿੱਚੋਂ ਉਸ ਦੇ ਨਿੱਕੇ ਵੀਰ ਤੇ ਲੋਕ ਗਾਇਕ ਗੁਰ-ਦੇਵ ਸਿੰਘ ਕੋਇਲ ਜਲੰਧਰ ਤੇ ਵੱਡੀ ਬੇਟੀ ਇਕਬਾਲ ਕੌਰ ਉਦਾਸੀ ਤੋਂ ਇਲਾਵਾ ਹੋਰ ਸਬੰਧੀ ਵੀ ਸ਼ਾਮਿਲ ਹੋਏ। ਇਕਬਾਲ ਉਦਾਸੀ ਨੇ ਪਰਿਵਾਰ ਵੱਲੋਂ ਇਹ ਸੁੰਦਰ ਸਮਾਗਮ ਔਨਲਾਈਨ ਰੂਪ ਚ ਕਰਵਾਉਣ ਲਈ ਧੰਨਵਾਦ ਕੀਤਾ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh, |
| Office Admin | Sajandeep Singh |
| Graphic Designer | Angrez Singh |
| Photographer | Kanwaljit Singh Kanwal |
| Distributer | Aman Warraich |
| Marketing: | Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

ਫਾਰਮਾਂ ਵਿਚ ਕੰਮ ਕਰਨ ਲਈ ਕਾਮਿਆਂ ਦੀ ਲੋੜ
ਬਰੈਂਪਟਨ, ਮਿਸੀਸਾਗਾ, ਮਾਲਟਨ, ਮਿਲਟਨ, ਕੈਲੇਡਨ ਤੋਂ ਪਿਕਅਪ। ਵਧੀਆ ਤਨਖਾਹ ਦਿੱਤੀ ਜਾਵੇਗੀ।
ਸੰਪਰਕ: ਅਜੈਬ ਸਹੋਤਾ
4165618882, 4164544587

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
Best Canadian Truck & Forklift Training Centre
AZ Tractor trailer program
Manual transmission & backup training everyday
We welcome welfare workers & compensation clients
Open Seven Days
Forklift Re-Certification Only $79.00/-
Karnail Singh
416.670.3173 | 905.799.7333
27 Edvac Dr, Brampton, ON L6S 5X8

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
ਲੇਡੀ ਇੰਸਟ੍ਰਕਟਰ
- ਮੁਫਤ ਪਿਕਅਪ ਅਤੇ ਡਰਾਪ ਆਫ਼
- ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
- ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
- ਵਾਜਿਬ ਕੀਮਤ
647-998-7500 ਬਲਵਿੰਦਰ

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976

ਜ਼ਰੂਰ ਜਾਣੋ; ਗਿਆਨ ਗੰਗਾ

॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

ਗਿਆਨ ਗੰਗਾ

ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM
Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224

KAMAL SANDHU
Sales Representative
647.891.0143
RE/MAX GOLD
realtorkamalsandhu@gmail.com
www.arearealtor.com
Looking For a Nest..? Call the Best




CLOSING IN APRIL 2021
Bedroom 4
Bathroom 2+1
Size (Sq.Ft.) 2455
Home Details 42'
EXCLUSIVE FOR SALE IN WOODSTOCK



FOR SALE
EXCLUSIVE
JAMES C
CLOSING IN APRIL 2021
Bedroom 4
Bathroom 2+1
Size (Sq.Ft.) 2250
Home Details 36'

3+1 bdrms with finished Basement




Just listed for sale on MLS, 5 Sedgegrass way Brampton
KAMAL SANDHU RE/MAX GOLD REALTY INC BROKERAGE

# ਪਹਿਲੀ ਮਈ ਦਾ ਸੁਨੇਹਾ ਕਿਰਤ ਤੇ ਆਜ਼ਾਦੀ ਲਈ ਸੰਘਰਸ਼ !

-ਜਗਦੀਸ਼ ਸਿੰਘ ਚੋਹਕਾ-

ਅੱਜ ਤੋਂ 135-ਵਰ੍ਹੇ ਪਹਿਲਾ, 'ਅਮਰੀਕਾ ਦੇ ਸ਼ਹਿਰ ਸ਼ਿਕਾਗੋ ਵਿਖੇ ਕਿਰਤੀ ਦੀ ਹੋ ਰਹੀ ਲੁੱਟ ਅਤੇ ਕਿਰਤੀ ਵਰਗ ਦੇ ਘੋਰ ਸ਼ੋਸ਼ਣ ਵਿਰੁਧ ਆਖਰ ਕਿਰਤੀ ਵਰਗ ਦੇ ਸਬਰ ਦਾ ਪਿਆਲਾ ਡੁਲਕ ਹੀ ਪਿਆ। ਸਦੀਆਂ ਤੋਂ ਕਿਰਤੀ ਵਰਗ ਦੇ ਹੋ ਰਹੇ ਸੋਸ਼ਣ ਵਿਰੁਧ, ਪੂੰਜੀਪਤੀਆਂ, ਸ਼ਾਹੂਕਾਰਾਂ ਅਤੇ ਬੇਦਰਦ-ਹਾਕਮਾਂ ਦੀ ਚੁੱਪੀ ਤੋੜਨ ਲਈ, 'ਅਮਰੀਕਾ ਦੀ ਸਮੁੱਚੀ ਕਿਰਤੀ-ਜਮਾਤ ਨੇ,'1-ਮਈ 1886 ਨੂੰ ਆਪਣੇ ਨਾਲ ਹੋ ਰਹੀਆਂ ਬੇ-ਇਨਸਾਫ਼ੀਆਂ ਨੂੰ ਚਕਨਾ-ਚੂਰ ਕਰਨ ਲਈ ਸਾਰੇ ਸਨਅਤੀ ਕੇਂਦਰਾਂ ਅੰਦਰ ਆਮ ਹੜਤਾਲ ਦਾ ਸੱਦਾ ਦੇ ਕੇ ਹਾਕਮਾਂ ਨੂੰ ਵੰਗਾਰਿਆਂ। ਕਿਰਤੀਆਂ ਦੀਆਂ ਨਿਆਇਕ ਅਤੇ ਹੱਕੀ ਮੰਗਾਂ, '8-ਘੰਟੇ ਦੀ ਰੋਜ਼ਾਨਾਂ ਡਿਊਟੀ, ਐਤਵਾਰ ਦੀ ਛੁੱਟੀ, ਬਰਾਬਰ ਕੰਮ ਬਦਲੇ ਬਰਾਬਰ ਉਜ਼ਰਤ ਅਤੇ ਕਿਰਤੀਆਂ ਨਾਲ ਮਨੁੱਖੀ ਵਿਵਹਾਰ ਲਈ। 'ਸ਼ੁਰੂ ਹੋਏ ਪੁਰ-ਅਮਨ ਇਸ ਅੰਦੋਲਨ ਨੂੰ ਕੁਚਲਣ ਲਈ ਅਮਰੀਕਾ ਦੇ ਹਾਕਮਾਂ, ਮਿਲ ਮਾਲਕਾਂ, ਪੁਲੀਸ-ਮਿਲਟਰੀ ਅਤੇ ਇਨਸਾਫ਼ ਦੇਣ ਵਾਲੀਆਂ ਅਦਾਲਤਾਂ ਦੇ ਕੁਨਬੇ ਨੇ ਇਨਸਾਫ਼ ਦੇਣ ਦੇ ਸਾਰੇ ਹੱਦਾਂ ਬੰਨ੍ਹੇ ਟੱਪ ਕੇ, ਅਮਰੀਕਾ ਦੇ ਲੋਕਾਂ ਵੱਲੋ ਆਜ਼ਾਦੀ ਲਈ ਸੰਘਰਸ਼ ਦੇ ਦੌਰਾਨ ਸਥਾਪਤ ਕੀਤੀਆਂ, ਸਾਰੀਆਂ ਰਿਵਾਇਤਾਂ ਅਤੇ ਦਸਤੂਰਾਂ ਦੀ ਘੋਰ ਉਲੰਘਣਾ ਕੀਤੀ। ''ਹੇਅ-ਮਾਰਕਿਟ'' ਦੇ ਇਕ ਸਾਜ਼ਸ਼ੀ ਬੰਬ ਕੇਸ ਵਿੱਚ ਕਿਰਤੀਆਂ ਦੇ ਆਗੂਆਂ ਮਹਾਨ 'ਅਲ ਬਰਟ ਪਾਰਸਨ, ਅਗਸਤ ਸਪਾਈਸ, ਸੈਮੂਅਲ ਫੀਲਡਨ, ਮਾਈਕਲ ਸ਼ਾਅਬ, ਅਡਾਲਫ ਫਿਸ਼ਰ, ਜਾਰਜ ਐਂਗਲ ਅਤੇ ਲੂਈ ਲਿੰਗ ਨੂੰ ਫਾਂਸੀ ਦੀ ਸਜ਼ਾਅ ਸੁਣਾ ਕੇ ਦੁਨੀਆਂ ਭਰ ਦੇ ਇਨਸਾਫ਼ ਦੇ ਤਰਾਜ਼ੂਆਂ ਨੂੰ ਪੁੱਠਾ ਲਟਕਾਅ ਦਿੱਤਾ ! ਇਸ ਫੈਸਲੇ ਦੌਰਾਨ ਇਕ ਹੋਰ ਕਿਰਤੀ ਆਗੂ ਨੂੰ 15-ਸਾਲ ਦੀ ਕੈਦ ਦੀ ਸਜ਼ਾਅ ਸੁਣਾਈ ਗਈ। ਅਮਰੀਕੀ-ਹਾਕਮ ਅਤੇ ਪੂੰਜੀਪਤੀ ਸ਼ਾਇਦ ਇਹ ਸਮਝਦੇ ਹੋਣ, 'ਕਿ ਉਨ੍ਹਾਂ ਦੇ ਇਸ ਜ਼ਬਰ, ਕਰੂਰ ਅਤੇ ਬਰਬਰਤਾ ਵਾਲੇ ਫੈਸਲੇ ਵਿਰੁਧ ਹੁਣ ਕੋਈ ਵੀ ਕਿਰਤੀ ਅੱਗੋ ਲਈ ਆਵਾਜ ਨਹੀਂ ਉਠਾਵੇਗਾ, ਜੋ ਸਦਾ ਲਈ ਦਫਨ ਕਰ ਦਿੱਤੀ ਗਈ ਹੈ ? ਪਰ ਪੂੰਜੀਪਤੀ ਮਾਲਕ ਭੁਲੇਖੇ ਵਿੱਚ ਸਨ ! ਸਗੋਂ ਕਿਰਤੀਆਂ ਦੀ ਆਵਾਜ਼ ! ਅੱਗੇ ਨਾਲੋ ਵੀ ਵੱਧ ਮਜ਼ਬੂਤ ਹੋਈ ਹੈ !

ਸ਼ਹੀਦ ਸਮਾਰਕ ਸ਼ਿਕਾਗੋ ਦਾ ਸੁਨੇਹਾ<br>
ਅੱਜ ਵੀ ਹਰ ਪਾਸੇ ਗੂੰਜ ਰਿਹਾ ਹੈ !<br>
ਉਹ ਸਵੇਰਾ (ਦਿਨ) ਜ਼ਰੂਰ ਆਵੇਗਾ,<br>
ਜਦੋਂ ਸਾਡੀ ਚੁਪ<br>
(ਜ਼ਬਰ ਨਾਲ ਬੰਦ ਕੀਤੀ ਜ਼ੁਬਾਨ) ਹੋਰ<br>
ਵੀ ਸ਼ਕਤੀਸ਼ਾਲੀ ਹੋਵੇਗੀ ?<br>
ਜਿਨ੍ਹਾਂ ਦਾ ਤੁਸੀਂ ਅੱਜ (ਸ਼ਹੀਦ ਹੋਏ<br>
ਕਿਰਤੀ ਆਗੂ) ਗਲਾ ਘੁਟ ਕੇ,<br>
ਬਦ ਕਰ ਰਹੇ ਹੋ, ਉਹ ਹਰ ਥਾਂ<br>
ਚੰਗਿਆੜੇ ਬਣ ਕੇ,<br>
ਇਕ ਭਾਬੜ ਦੇ ਰੂਪ ਵਜੋ, ਇਥੇ ਉਥੇ<br>
ਅਤੇ ਹਰ ਥਾਂ ਮੱਚਣਗੇ ?

ਸ਼ਿਕਾਗੋ ਦੇ ਸ਼ਹੀਦਾਂ ਦੀ ਕੁਰਬਾਨੀ ਦਾ ਸਦਕਾ ਹੀ ਦੁਨੀਆਂ ਭਰ 'ਚ ਕਿਰਤੀ-ਵਰਗ ਅੰਦਰ ਆਪਣੇ ਹੱਕਾਂ ਦਾ ਅਹਿਸਾਸ ਹੋਇਆ ! ਸ਼ਿਕਾਗੋ ! ਅੰਦਰ ਭਾਵੇਂ ਹਾਕਮਾਂ ਨੇ ਕਿਰਤੀ ਅੰਦੋਲਨ ਨੂੰ ਜ਼ਬਰ ਰਾਹੀਂ ਦਬਾਅ ਦਿੱਤਾ, ਪਰ ਅੰਦੋਲਨ ਰਾਹੀ 8-ਘੰਟੇ ਦੀ ਡਿਊਟੀ, ਐਤਵਾਰ ਦੀ ਛੁੱਟੀ ਅਤੇ ਹੋਰ ਮੰਗਾਂ ਰਾਹੀਂ ਕਿਰਤੀ ਵਰਗ ਅੰਦਰ ਪੈਦਾ ਹੋਈ ਜਾਗਰੂਕਤਾ ਨੇ, 'ਸੰਸਾਰ ਭਰ ਦੇ ਕਿਰਤੀ ਭਾਈਚਾਰੇ ਅੰਦਰ ਇਤਿਹਾਸਕ ਬਰਾਬਰਤਾ ਦੇ ਨਿਆਂ ਅਧੀਨ, 'ਸਮਾਜਕ, ਆਰਥਿਕ ਅਤੇ ਰਾਜਨੀਤਕ ਖੇਤਰ ਅੰਦਰ ਬਰਾਬਰਤਾ ਦੇ ਮਿਸ਼ਨ ਨੂੰ ਅੱਗੇ ਵਧਾਉਣ ਲਈ ਇਕ ਲਹਿਰ ਦਾ ਰੂਪ ਧਾਰ ਲਿਆ। ਪੂੰਜੀਵਾਦ ਦੇ ਜਨਮ ਨਾਲ ਹੀ ਉਸਦੀ ਕਬਰ ਪੁੱਟਣ ਲਈ ਕਿਰਤੀ ਵਰਗ ਵੀ ਜਨਮ ਲੈਂਦਾ ਹੈ। ਕਿਉਂਕਿ ਪੂੰਜੀਵਾਦੀ ਅਰਥ-ਵਿਵਸਥਾ ਦਾ ਆਧਾਰ ਹੀ ਕਿਰਤੀਆਂ ਵੱਲੋਂ ਲਹੂ-ਪਸੀਨਾ ਡੋਲ੍ਹ ਕੇ, 'ਜੋ ਕਿਰਤ-ਸ਼ਕਤੀ ਲਾਈ ਜਾਂਦੀ ਹੈ, ਉਸ ਨਾਲ ਪੈਦਾ ਹੋਈ ਵਾਧੂ ਕਮਾਈ (ਛਚਗਬ;ਚਤ੍ਰ;ਚਕ) (ਮੁਨਾਫਾ) 'ਤੇ ਹੱਕ ਮਾਲਕ (ਪੂੰਜੀਪਤੀ) ਆਪਣਾ ਸਮਝਦਾ ਹੈ। ਮੁੜ੍ਹਕਾ ਕਿਰਤੀ ਡੋਲ੍ਹਦਾ ਹੈ, ਮੁਨਾਫਾ ਪੂੰਜੀਪਤੀ ਹੜੱਪਦਾ ਹੈ। ਪਰ ਇਸ ਪੂੰਜੀ (ਡ਼ਬਜਵ;) ਅਤੇ ਕਿਰਤ ਸ਼ਕਤੀ ਵਿਚਕਾਰ ਇਕ ਲਗਾਤਾਰ ਸੰਘਰਸ਼ ਚਲਦਾ ਹੈ, ਜਿਸ ਅੰਦਰ ਇਕ ਧਿਰ ਭਾਵ ਪੂੰਜੀਪਤੀ ਦਾ ਖਾਤਮਾ ਜਰੂਰੀ ਹੈ। ਮਨੁੱਖ ਹੱਥੋ ਮਨੁੱਖ ਰਾਹੀਂ ਹੁੰਦੀ ਲੁੱਟ-ਖਸੁੱਟ ਦੇ ਖਾਤਮੇ ਨਾਲ ਹੀ ਦੁਨੀਆਂ ਅੰਦਰ ਖੁਸ਼ਹਾਲੀ, ਅਮਲ ਅਤੇ ਬਰਾ-ਬਰਤਾ ਦੇ ਸਮਾਜਕ ਨਿਆਂ ਵੱਲ ਵੱਧਿਆ ਜਾ ਸਕਦਾ ਹੈ। ''1-ਮਈ ਦੇ ਇਤਿਹਾਸਕ ਦਿਹਾੜੇ'' ਦੀ ਪ੍ਰਸੰਗਕਤਾ, 'ਜਿਸ ਨੇ 135-ਵਰ੍ਹੇ ਪਹਿਲਾ ਮਨੁੱਖੀ ਕਿਰਤ ਦੀ ਲੁੱਟ-ਖਸੁੱਟ ਰੋਕਣ ਲਈ ਇਕ ਇਨਕਲਾਬੀ ਸੰਦੇਸ਼ ਦਿੱਤਾ ਸੀ, 'ਅੱਜ ਵੀ ਸਾਡੇ ਲਈ ਅਮਰ ਅਤੇ ਰਾਹ-ਦਸੇਰਾ ਹੈ।

19-ਵੀਂ ਸਦੀ ਦੇ ਅੰਤਲੇ ਦੁਹ-'ਕਿਆ ਦੌਰਾਨ ਅਮਰੀਕਾ ਅੰਦਰ ਜਿਥੇ ਸਨਅਤੀ ਇਨਕਲਾਬ ਅੱਗੇ ਵੱਧ ਰਿਹਾ ਸੀ, ਮੰਦਾ ਵੀ ਪੈਰ ਪਾਸਾਰ ਰਿਹਾ ਸੀ। ਅਮਰੀਕਾ ਦਾ ਕਿਰਤੀ-ਵਰਗ ਭੁੱਖ ਦੀਆਂ' ਜੰਜ਼ੀਰਾਂ ਨਾਲ ਜਕੜਿਆ ਮਜਬੂਰੀ ਵੱਸ ਬਾਜ਼ਾਰ ਅੰਦਰ ਆਪਣੀ ਕਿਰਤ ਸ਼ਕਤੀ ਵੇਚਣ ਲਈ ਬੇਵੱਸ ਸੀ। ਪੂੰਜੀਪਤੀ ਇਸ ਅਵੱਸਥਾ ਦਾ ਫਾਇਦਾ ਉਠਾ ਕੇ ਕਿਰਤੀਆਂ ਪਾਸੋਂ ਵੱਧ ਤੋਂ ਵੱਧ ਕੰਮ ਲੈ ਕੇ, 'ਵੱਧ ਤੋਂ ਵੱਧ ਮੁਨਾਫਾ ਕਮਾਉਣ ਦੀ ਦੌੜ ਵਿੱਚ ਵੱਧ ਸਮੇਂ ਤੱਕ ਕੰਮ ਕਰਾਉਂਦੇ ਸਨ। ਟਕਰਾਅ ਦਾ ਪੈਦਾ ਹੋਣਾ ਵੀ ਲਾਜ਼ਮੀ ਸੀ। 1850 ਤੋਂ 1860 ਦੇ ਦਰਮਿਆਨ ਅਮਰੀਕਾ ਅੰਦਰ ਕਿਰਤੀਆਂ ਦੀਆਂ ਮੰਗਾਂ ਲੈ ਕੇ ਬਹੁਤ ਸਾਰੀਆਂ ਟਰੇਡ ਯੂਨੀਅਨਾਂ ਦਾ ਜਨਮ ਹੋਇਆ ਅਤੇ ਉਨ੍ਹਾਂ ਵੱਲੋਂ 8-ਘੰਟੇ ਕੰਮ ਦੀ ਦਿਹਾੜੀ ਦੀ ਮੰਗ ਰੱਖੀ ਗਈ। ਪਹਿਲੀ ਮਈ ਦਾ ਜਨਮ ਵੀ 1886 ਨੂੰ ਅਮਰੀਕਾ ਵਿਖੇ 8-ਘੰਟੇ ਕੰਮ ਦੀ ਦਿਹਾੜੀ ਲਈ ਹੋਏ ਅੰਦਲੋਨ ਨਾਲ ਸ਼ੁਰੂ ਹੁੰਦਾ ਹੈ। ਅਮਰੀਕਾ ਅੰਦਰ 1861-62 ਦੌਰਾਨ ਹੋਏ ਗ੍ਰਿਹਯੁਧ, ਜੋ ਅਸਲੀਅਤ ਵਿੱਚ ਵੱਡੇ-ਵੱਡੇ ਜਾਗੀਰਦਾਰਾਂ, 'ਜੋ ਦੱਖਣੀ ਰਾਜਾਂ ਅੰਦਰ ਦਾਸਾਂ ਨੂੰ (ਗੁਲਾਮਾਂ) ਆਪਣੇ ਫਾਰਮਾਂ 'ਚ ਜ਼ਬਰੀ ਕੰਮ ਕਰਾਉਣ ਲਈ ਰੱਖਦੇ ਸਨ। ਦੂਸਰੇ ਪਾਸੇ ਉਤਰੀ ਅਮਰੀਕਾ ਦੇ ਸਨਅਤਕ-ਾਰ, 'ਜੋ ਮਜ਼ਦੂਰ-ਵਰਗ (ਕਿਰਤ ਸ਼ਕਤੀ) ਦੀ ਲੋੜ ਰੱਖਦੇ ਸਨ, 'ਵਿਚਕਾਰ ਕਿਰਤੀ ਵਰਗ ਨੂੰ ਆਪਣੇ ਵੱਲ ਖਿਚਣ ਲਈ ਇਹ ਗ੍ਰਿਹ ਯੁੱਧ ਹੋਇਆ ਸੀ ! ਇਸ ਯੁੱਧ ਕਾਰਨ ਹੀ ਸਿਆਹ-ਫਾਮ ਲੋਕਾਂ ਦੀ ਮੁਕਤੀ ਲਈ ਜਿਥੇ ਰਾਹ ਖੁਲ੍ਹਿਆ, ਅਮਰੀਕਾ ਅੰਦਰ ਇਕ ਮਜ਼ਬੂਤ ਕਿਰਤੀ-ਵਰਗ ਵੀ ਪੈਦਾ ਹੋਇਆ। ਦੁਨੀਆਂ ਅੰਦਰ ਸਭ ਤੋਂ ਪਹਿਲੀ ਟਰੇਡ ਯੂਨੀਅਨ ਦੀ ਸਥਾਪਨਾ ਵੀ ਅਮਰੀਕਾ ਵਿੱਚ ਹੋਈ। ਉਸ ਵੇਲੇ ਅਮਰੀਕਾ ਅੰਦਰ ਕਿਰਤੀਆਂ ਪਾਸੋਂ 20-20 ਘੰਟੇ (ਸੂਰਜ ਚੜ੍ਹਨ ਤੋਂ ਸੂਰਜ ਛਿਪਣ ਤਕ) ਰੋਜ਼ਾਨਾ ਕੰਮ ਲਿਆ ਜਾਂਦਾ ਸੀ। ਇਸ ਕੰਮ ਦੌਰਾਨ ਪ੍ਰਵਾਰ ਦੀਆਂ ਇਸਤਰੀਆਂ ਅਤੇ ਬੱਚਿਆ ਤੋਂ ਵੀ ਕੰਮ ਕਰਾਇਆ ਜਾਂਦਾ ਸੀ। ਮਨੁੱਖੀ ਦਰਿੰਦਗੀ, ਬਰਬਰਤਾ ਅਤੇ ਕਿਰਤ ਦੀ ਲੁੱਟ ਦੇ ਇਹ, 'ਥੋੜ੍ਹੇ ਜਿਹੇ ਇਤਿਹਾਸ ਦੇ ਪੰਨੇ ਹੀ ਸਾਡੇ ਸਾਹਮਣੇ ਪੇਸ਼ ਹਨ, 'ਬਾਕੀ ਉਸ ਵੇਲੇ ਲੋਕਾਂ ਦੀ ਜਿੰਦਗੀ ਦਾ ਤੁਸ੍ਹੀ ਅਨੁਮਾਨ ਖੁਦ ਹੀ ਲਾ ਲਵੋਗੇ, 'ਕਿ ਅਮਰੀਕਾ ਅੰਦਰ ਉਸ ਵੇਲੇ ਕਿਹੋ ਜਿਹੇ ਹਾਲਾਤ ਸਨ ?

1806 ਨੂੰ ਅਮਰੀਕਾ ਦੇ ਫਿਲਾਡੇਲਫੀਆ ਅੰਦਰ ਜੁੱਤੀਆਂ ਬਣਾਉਣ ਵਾਲੇ ਕਿਰਤੀਆ ਵੱਲੋਂ ਜਿਨ੍ਹਾਂ ਤੋਂ ਰੋਜ਼ਾਨਾਂ 18-20 ਘੰਟੇ ਕੰਮ ਲਿਆ ਜਾਂਦਾ ਸੀ, ਕੰਮ ਦੇ ਘੰਟੇ ਘਟਾਉਣ ਲਈ ਹੋਈ ਹੜਤਾਲ ਦੌਰਾਨ ਆਗੂਆਂ 'ਤੇ ਦੇਸ਼ ਵਿਰੁਧ ਛੜਜੰਤਰ ਕਰਨ ਲਈ ਕੇਸ ਚਲਾਇਆ ਗਿਆ। ਭਾਵੇਂ ਅਮਰੀਕਾ ਅੰਦਰ ਥੋੜ੍ਹੇ ਬਹੁਤੇ ਕਿਰਤ ਕਨੂੰਨ ਹੋਂਦ ਵਿੱਚ ਆਏ, ਪਰ ਪੂੰਜੀਪਤੀ ਇਨ੍ਹਾਂ ਨੂੰ ਲਾਗੂ ਕਰਨ ਤੋਂ ਵੀ ਗੁਰੇਜ਼ ਕਰਦੇ ਸਨ। 1873 ਦੇ ਮੰਦੇ ਬਾਦ ਕੰਮ ਲਈ 10 ਘੰਟੇ ਤੈਅ ਕਰਨ ਲਈ ਕਿਰਤੀ ਲਹਿਰ ਦੱਬੀ ਗਈ। ਬਾਦ ਵਿੱਚ ਮਾਲਕਾਂ ਨੇ 10 ਘੰਟੇ ਕੰਮ ਦੇ ਕਨੂੰਨ ਨੂੰ ਇਹ ਕਹਿ ਕੇ ਰੱਦ ਕਰ ਦਿੱਤਾ, 'ਕਿ ਇਹ ਕਨੂੰਨ ਸਰਕਾਰੀ ਅਦਾਰਿਆ ਦੇ ਮੁਲਾਜ਼ਮਾਂ ਲਈ ਹਨ। ਅਮਰੀਕਾ ਅੰਦਰ ਇਕ ਪਾਸੇ ਪੂੰਜੀਪਤੀਆਂ ਵੱਲੋਂ ਹਾਕਮਾਂ ਅਤੇ ਰਾਜਤੰਤਰ ਦੀ ਮਿਲੀ-ਭੁਗਤ ਰਾਹੀਂ ਕਿਰਤੀਆਂ ਦਾ ਸ਼ੋਸ਼ਣ ਤੇਜ਼ ਕੀਤਾ ਗਿਆ। ਪਰ ਦੂਸਰੇ ਪਾਸੇ ਕਿਰਤੀ-ਵਰਗ ਆਪਣੀਆਂ ਮੰਗਾਂ ਲਈ ਹੋਰ ਜਾਗਰੂਕ ਹੋ ਕੇ ਮਜਬੂਤੀ ਨਾਲ ਪ੍ਰਚੰਡ ਅਤੇ ਸੰਗਠਤ ਹੁੰਦਾ ਗਿਆ। ਆਖਰ ਪੂੰਜੀਪਤੀਆਂ ਦੇ ਅਣ-ਮਨੁੱਖੀ ਵਰਤਾਰਿਆਂ, ਕਿਰਤੀ ਦੀ ਲੁੱਟ ਅਤੇ ਸੋਸ਼ਣ ਵਿਰੁੱਧ, 'ਮਈ-1886 ਨੂੰ ਸਾਰੇ ਅਮਰੀਕਾ ਅੰਦਰ ਕਿਰਤੀ-ਵਰਗ ਦੇ ਰੋਹ ਦੀ ਜਵਾਲਾ ਹਰ ਪਾਸੇ ਭੜਕ ਪਈ। 20-ਅਗਸਤ 1866 ਨੂੰ ਬਾਲਟੀ ਮੋਰ ਦੇ ਕਿਰਤੀਆਂ ਵੱਲੋਂ ਨੈਸ਼ਨਲ ਲੇਬਰ ਯੂਨੀਅਨ ਦੀ ਸਥਾਪਨਾ ਕੀਤੀ ਜਾ ਚੁੱਕੀ ਸੀ। ਇਸੇ ਤਰ੍ਹਾਂ 1864 ਨੂੰ ਦੋ ਸਾਲ ਪਹਿਲਾ ਹੀ, 'ਇਸ ਯੂਨੀਅਨ ਦੀ ਸਥਾਪਨਾ ਤੋਂ, ਕਾਰਲ-ਮਾਰਕਸ ਅਤੇ ਏਂਗਲਜ਼ ਨੇ ਪਹਿਲੀ ਕੌਮਾਂਤਰੀ ਕਿਰਤੀ ਐਸੋਸੀਏਸ਼ਨ ਨੂੰ ਸਥਾਪਤ ਕਰਕੇ, 'ਦੁਨੀਆਂ ਅੰਦਰ ਕਿਰਤੀ ਵਰਗ ਨੂੰ ਇਕ ਜੁੱਟ ਹੋਣ ਦਾ ਸੱਦਾ ਦਿੱਤਾ ਸੀ।ਅਮਰੀਕਾ ਅੰਦਰ ਮਜ਼ਬੂਤੀ ਨਾਲ ਪਨਪ ਰਹੇ ਕਿਰਤੀ ਅੰਦੋਲਨ ਸਬੰਧੀ ਕਾਰਲ ਮਾਰਕਸ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਸੀ,

'ਜਦੋਂ ਤੱਕ ਅਮਰੀਕਾ ਦੇ ਪਰਜਾਤੰਤਰ ਅੰਦਰ ਗੁਲਾਮੀ ਦਾ ਧੱਬਾ ਕਾਇਮ ਰਿਹਾ, 'ਉਸ ਵੇਲੇ ਤਕ ਕਿਸੇ ਤਰ੍ਹਾਂ ਦਾ ਵੀ ਆਜ਼ਾਦਰਾਨਾ ਕਿਰਤੀ ਅੰਦੋਲਨ ਨਹੀਂ ਪਨਪਿਆ। ਇਹ ਅਮਰੀਕਾ, 'ਜਿਥੇ ਕਾਲੀ ਚਮੜੀ ਵਾਲੇ ਕਿਰਤੀ ਨੂੰ ਨਫ਼ਰਤ ਦੀ ਨਿਗਾਹ ਨਾਲ ਦੇਖਿਆ ਜਾਂਦਾ ਹੈ, ਉਥੇ ਗੋਰਾ ਮਜ਼ਦੂਰ ਵੀ ਆਪਣੇ ਆਪ ਨੂੰ ਆਰਥਿਕ ਤੌਰ 'ਤੇ ਆਜ਼ਾਦ ਨਹੀਂ ਹੋ ਸਕਦਾ ਸੀ। ਪਰ ਜਦੋਂ ਗੁਲਾਮੀ ਪ੍ਰਥਾ ਨਸ਼ਟ ਹੋ ਗਈ, ਤੁਰੰਤ ਇਕ ਨਵੀਂ ਜਿੰਦਗੀ ਨੇ ਜਨਮ ਲਿਆ। ਘਰੋਗੀ ਯੁੱਧ ਦਾ ਪਹਿਲਾ ਸਿੱਟਾ ਇਹ ਨਿਕਲਿਆ, 'ਕਿ 8-ਘੰਟਿਆਂ ਦੀ ਦਿਹਾੜੀ ਦਾ ਅੰਦੋਲਨ ਐਟਲਾਂਟਿਕ ਸਾਗਰ ਤੋਂ ਪੈਸੀਫਿਕ ਸਾਗਰ ਤਕ ਅਤੇ ਨਿਉਯਾਰਕ ਤੋਂ ਕੈਲੀਫੋਰਨੀਆ ਤਕ ਬੜੀ ਤੇਜੀ ਨਾਲ ਫੈਲ ਗਿਆ। ਪੈਦਾਵਾਰੀ ਸ਼ਕਤੀਆਂ (ਮਾਲਕ=ਵਸੀਲੇ) ਦੇ ਵਿਕਸਤ ਹੋਣ ਨਾਲ ਕਿਰਤੀ ਵਰਗ ਦਾ ਵੀ ਵਿਕਾਸ ਸਾਹਮਣੇ ਆ ਰਿਹਾ ਸੀ। ਭਾਵੇਂ 8-ਘਟੇ ਕੰਮ ਦੀ ਦਿਹਾੜੀ ਇਕ ਬਹੁਤ ਵੱਡੀ ਪ੍ਰਾਪਤੀ ਹੈ, 'ਪਰ ਕਿਰਤੀ ਵਰਗ ਪੂੰਜੀਵਾਦ ਦੀ ਗੁਲਾਮੀ ਤੋਂ ਮੁਕਤ ਨਹੀਂ ਹੋ ਸਕਦਾ ਜਿਨ੍ਹਾਂ ਚਿਰ ਉਹ ਵਰਗ-ਸੰਘਰਸ਼ ਰਾਹੀਂ ਰਾਜਸਤਾ 'ਤੇ ਕਾਬਜ਼ ਨਹੀਂ ਹੋ ਜਾਂਦਾ ? ਅਮਰੀਕਾ ਅੰਦਰ ਸਿਆਹਫਾਮ-ਲੋਕਾਂ ਦੀ ਗੁਲਾਮੀ ਦੀਆਂ ਜੰਜ਼ੀਰਾਂ ਟੁੱਟਣ ਬਾਦ ਹੀ, 'ਕਿਰਤੀ ਅੰਦੋਲਨ ਤੇਜ਼ ਹੋਇਆ। 8-ਘੰਟੇ ਦੀ ਡਿਊਟੀ ਲੈਕੇ,'ਸ਼ਿਕਾਗੋ ਅੰਦਰ ਪਹਿਲੀ ਮਈ ਤੋਂ ਚਾਰ ਮਈ-1886 ਤੱਕ ਵਾਪਰੀਆਂ ਇਤਿਹਾਸਕ ਘਟਨਾਵਾਂ ਦਾ ਸਦਕਾ ਹੀ ਪੂੰਜੀਵਾਦੀ ਸ਼ੋਸ਼ਣ ਵਿਰੁੱਧ ਹੀ ਦੁਨੀਆਂ ਭਰ ਦੇ ਕਿਰਤੀਓ ! ਇਕ ਹੋ ਜਾਵੋ ਦਾ ਅਮਲ ਸਾਹਮਣੇ ਆਇਆ, 'ਜਿਸ ਨੇ ਦੁਨੀਆ ਭਰ ਦੇ ਪੂੰਜੀਵਾਦੀ ਨਿਜ਼ਾਮਾਂ ਦੀਆਂ ਚੂਲਾ ਹਿਲਾ ਦਿੱਤੀਆਂ। ਅੱਜ ! ਵੀ ਉਹ ਪਹਿਲੀ ਮਈ ਤੋਂ ਪੂਰੀ ਤਰ੍ਹਾਂ ਭੈਅ-ਭੀਤ ਹਨ।

ਪਹਿਲੀ ਮਈ ਦੇ ਅੰਦੋਲਨ ਦਾ ਗੜ੍ਹ ਸ਼ਿਕਾਗੋ ਸੀ, ਜਿਥੇ ਸੈਂਟਰਲ ਲੇਬਰ ਯੂਨੀਅਨ ਦੀ ਅਗਵਾਈ ਵਿੱਚ ਕਿਰਤੀਆਂ ਨੇ 8-ਘੰਟੇ ਕੰਮ ਦੀ ਡਿਊਟੀ ਲਈ ਅੰਦੋਲਨ ਚਲਾਉਣ ਲਈ ਇਕ ਕਮੇਟੀ ਦਾ ਗਠਨ ਕੀਤਾ ਜਿਸ ਨੇ ਪਹਿਲੀ ਮਈ 1886 ਨੂੰ ਹੜਤਾਲ ਦਾ ਸੱਦਾ ਦਿੱਤਾ। ਪਹਿਲੀ ਮਈ ਤੋਂ ਪਹਿਲਾ ਆਉਣ ਵਾਲੇ ਐਤਵਾਰ ਨੂੰ ਹੜਤਾਲ ਦੀ ਤਿਆਰੀ ਲਈ ਹੋਈ ਰੋਸ ਰੈਲੀ ਵਿੱਚ 25-ਹਜ਼ਾਰ ਕਿਰਤੀਆਂ ਨੇ ਹਿੱਸਾ ਲਿਆ। ਪਹਿਲੀ ਮਈ 1886 ਨੂੰ ਮੁਕੰਮਲ ਹੜਤਾਲ ਹੋਈ। ਜਿਸ ਤੋਂ ਘਬਰਾਅ ਕੇ ਪੂੰਜੀਪਤੀ, 'ਹਾਕਮਾਂ ਅਤੇ ਰਾਜਤੰਤਰ ਦੀ ਸਹਾਇਤਾ ਨਾਲ ਕਿਰਤੀ ਅੰਦੋਲਨ ਨੂੰ ਸਖ਼ਤੀ ਨਾਲ ਦਬਾਅ ਦੇਣ ਲਈ ਸਾਜ਼ਸ਼ਾਂ ਘੜਨ ਲੱਗ ਪਏ। 3-ਮਈ ਨੂੰ ''ਮੈਕਕਾਰਮਿਕ-ਰੀਅਰ'' ਕਾਰਖਾਨੇ ਦੇ ਹੜਤਾਲੀ ਕਿਰਤੀਆਂ ਦੇ ਸ਼ਾਂਤਮਈ ਅੰਦੋਲਨ ਨੂੰ ਸਾਬੋਤਾਜ ਕਰਨ ਲਈ ਕੁਝ ਮਾਲਕ ਪੱਖੀ ਗੁੰਡਾ ਅਨਸਰਾਂ ਨੇ ਉਕਸਾਹਟ ਪੈਦਾ ਕਰਕੇ, 'ਪੁਲੀਸ ਨੂੰ ਗੋਲੀ ਚਲਾਉਣ ਲਈ ਉਕਸਾਇਆ। 6-ਕਿਰਤੀ ਸ਼ਹੀਦ ਹੋ ਗਏ। ਇਸ ਘਟਨਾ ਦੇ ਰੋਸ ਵਿੱਚ, '4-ਮਈ ਹੇਅ-ਮਾਰਕੀਟ ਵਿੱਚ ਕਿਰਤੀਆਂ ਵੱਲੋਂ ਇਕ ਰੋਸ ਰੈਲੀ ਕਰਨ ਦਾ ਐਲਾਨ ਕੀਤਾ ਗਿਆ। ਸ਼ਾਂਤੀ ਪੂਰਬਕ ਰੈਲੀ ਜਦੋਂ ਖਤਮ ਹੀ ਹੋਣ ਵਾਲੀ ਸੀ, 'ਜਿਵੇਂ ਹਾਕਮਾਂ ਵੱਲੋ ਪਹਿਲਾ ਹੀ ਸਾਜ਼ਸ਼ ਘੜੀ ਹੋਈ ਸੀ। ਕਿਸੇ ਸ਼ਰਾਰਤੀ ਨੇ ਬੰਬ ਸੁਟਿਆ, 'ਜਿਸ ਨਾਲ ਇਕ ਸਾਰਜੰਟ ਦੀ ਮੌਤ ਹੋ ਗਈ। ਫਿਰ ਦਮਨ ਚੱਕਰ, ਗੋਲੀ ਬਾਰੀ, ਗ੍ਰਿਫਤਾਰੀਆਂ ਅਤੇ ਲੋਕਾਂ ਨੂੰ, 'ਸਮੇਤ-ਇਸਤਰੀਆਂ ਤੇ ਬੱਚਿਆਂ ਦੇ, 'ਹਾਕਮਾਂ ਦੇ ਹਰ ਜ਼ੁਲਮ ਦਾ ਸ਼ਿਕਾਰ ਹੋਣਾ ਪਿਆ। ਇਸ ਦਮਨ ਚੱਕਰ ਦੌਰਾਨ ਕਿਰਤੀਆਂ ਵੱਲੋਂ ਚੁੱਕਿਆ ਚਿੱਟਾ ਝੰਡਾ, 'ਜੋ ਅਮਨ ਦਾ ਪ੍ਰਤੀਕ



ਸੀ, ਕਿਰਤੀਆਂ ਦੇ ਡੁਲ੍ਹੇ ਖੂਨ ਨਾਲ ਲਾਲ ਹੋ ਗਿਆ। ਅੱਜ ਇਹ ਲਾਲ ਝੰਡਾ ! ਜੋ ਕਿਰਤੀ ਵਰਗ ਦੇ ਡੁਲ੍ਹੇ ਖੂਨ ਅਤੇ ਕੁਰਬਾਨੀਆਂ ਦੀ ਸ਼ਹਾਦਤ ਦਾ ਇਤਿਹਾਸ ਹੈ ! ਪਹਿਲੀ ਮਈ ਨੂੰ ਕਿਰਤੀ ਵਰਗ ਆਪਣੇ ਬੀਤੇ ਨੂੰ ਯਾਦ ਕਰਦਿਆ, ਮਜੂਦਾ ਸੰਘਰਸ਼ਾਂ ਰਾਹੀਂ ਆਉਣ ਵਾਲੇ ਕੱਲ ਨੂੰ, 'ਉਜਲ ਬਣਾਉਣ ਲਈ ਲਾਲ-ਸਲਾਮ ਪੇਸ਼ ਕਰਦਾ ਹੈ ! ਪਹਿਲੀ ਮਈ ਕੋਈ ਰਵਾਇਤੀ ਜਾਂ ਤਿਓਹਾਰੀ-ਦਿਵਸ ਨਹੀਂ, ਸਗੋਂ ਇਹ ਕਿਰਤੀ ਵਰਗ ਨੂੰ ਆਪਣੇ ਹੱਕਾਂ-ਹਿਤਾਂ ਦੀ ਰਾਖੀ ਲਈ ਚਲਾਏ ਅੰਦੋਲਨਾਂ ਅਤੇ ਸੰਘਰਸ਼ਾਂ ਦੌਰਾਨ ਰਹਿ ਗਈਆ ਘਾਟਾ ਅਤੇ ਕਮਜ਼ੋਰੀਆਂ ਨੂੰ ਦੂਰ ਕਰਕੇ ਅੱਗੋ ਲਈ ਕਿਰਤੀ-ਵਰਗ ਦੀ ਮੁਕਤੀ ਲਈ ਹੋਰ ਸ਼ਿਦਤ ਨਾਲ ਅੱਗੇ ਵੱਧਣ ਦਾ ਸੱਦਾ ਦਿੰਦਾ ਹੈ!

ਅਮਰੀਕਾ ਸਮੇਤ, 'ਦੁਨੀਆਂ ਭਰ ਅੰਦਰ ਮਈ 1886 ਨੂੰ ਸ਼ਿਕਾਗੋ ਵਿਖੇ ਵਾਪਰੀਆਂ ਘਟਨਾਵਾਂ ਨੇ,'ਇਸ ਨਿਸਚੈ ਨੂੰ ਹੋਰ ਉਜਾਗਰ ਕਰ ਦਿੱਤਾ, 'ਕਿ ਕਿਰਤੀ ਵਰਗ ਦੀ ਕਿਰਤ ਹੀ ਹੈ, 'ਜੋ ਇਸ ਹੁਸੀਨ ਸੰਸਾਰ ਦੀ ਰੱਚਣਹਾਰ ਹੈ। ਪਰ ਕਿਰਤੀ ਖੁਦ ਭੁੱਖਾ ਮਰਦਾ ਹੈ ਅਤੇ ਵਿਹਲੜ ਮਾਲਕ ਖ਼ੂਬ ਮੌਜਾਂ ਕਰਦੇ ਹਨ ! ਅੱਠ ਘੰਟੇ ਲਈ ਰੋਜ਼ਾਨਾਂ ਡਿਊਟੀ, ਐਤਵਾਰ ਦੀ ਛੁੱਟੀ, ਬਰਾਬਰ ਕੰਮ ਬਦਲੇ ਬਰਾਬਰ ਉਜ਼ਰਤ, ਬਲ-ਮਜ਼ਦੂਰ ਦਾ ਖਾਤਮਾ ਅਤੇ ਕਿਰਤੀ ਦੇ ਚੰਗੇਰੇ ਜੀਵਨ ਲਈ ਜੱਥੇਬੰਦ ਹੋ ਕੇ ਸੰਘਰਸ਼ਾਂ ਦਾ ਰਾਹ ਫੜਨਾ ਹੀ ਉਸ ਦੀ ਮੁਕਤੀ ਦਾ ਰਾਹ ਹੈ ! ਇਹ ਇਕ ਰਾਜਸੀ ਚਿਣਗ ਸੀ ! ਜੋ ਭਾਵੇ ਅਮਰੀਕਾ ਵਿੱਚ ਫੁੱਟੀ, 'ਜਿਸ ਨੂੰ ਹੁਲ-ਾਰਾ ਸੇਂਟਲੂਈ ਵਿਖੇ 1888 ਨੂੰ, 'ਅਮਰੀਕੀ ਫੈਡਰੇਸ਼ਨ ਆਫ ਲੇਬਰ ਵੱਲੋਂ ਦਿੱਤਾ ਗਿਆ। ਪਰ ਪਹਿਲੀ ਇੰਟਰਨੈਸ਼ਨਲ ਦੀ ਸਥਾਪਨਾ 1864 ਨੂੰ ਹੋਈ ਸੀ। ਜਿਸ ਨੇ 8-ਘੰਟੇ ਦੀ ਡਿਊਟੀ ਲਈ 1866 ਨੂੰ ਇਸ ਮੰਗ ਲਈ ਸੱਦਾ ਦਿੱਤਾ ਸੀ। 1876 ਨੂੰ ਇਸ ਨੇ ਬਕਾਇਦਾ ਲੰਡਨ ਵਿਚ ਸਰਗਰਮੀ ਸ਼ੁਰੂ ਕਰਕੇ,'14-ਜੁਲਾਈ 1889 ਨੂੰ ਫਰਾਂਸ ਦੀ ਕ੍ਰਾਂਤੀ ਦੀ ਪਹਿਲੀ ਸ਼ਤਾਬਦੀ ਸਮੇਂ, 'ਸਮਾਜਵਾਦੀ ਸੋਚ ਦੇ ਆਗੂਆਂ ਨੇ ਦੂਸਰੀ ਕੌਮਾਂਤਰੀ ਕਾਂਗਰਸ ਦੌਰਾਨ ਪੈਰਿਸ ਅੰਦਰ, 'ਸੇਂਟ ਲੂਈ ਦੇ 1888 ਦੇ ਐਲਾਨ ਨਾਮੇ ਨੂੰ ਅਮਲੀ ਰੂਪ ਦੇਣ ਲਈ, ਪਹਿਲੀ ਮਈ-1890 ਨੂੰ ਰੋਸ ਮੁਜਾਹਰੇ ਕਰਕੇ ''ਪਹਿਲੀ ਮਈ'' ਕਿਰਤੀ ਦਿਵਸ ਵਜੋਂ ਮਨਾਉਣ ਲਈ ਘੋਸ਼ਣਾ ਪੱਤਰ ਜਾਰੀ ਕੀਤਾ। ਪਹਿਲੀ ਮਈ, 'ਕਿਰਤੀ ਵਰਗ ਆਪਣੀ ਏਕਤਾ ਵਜੋਂ ਕੇਵਲ ਆਰਥਿਕ ਮੰਗਾਂ ਲਈ ਹੀ ਨਹੀਂ ਸਗੋਂ ਰਾਜਨੀਤਕ ਮੰਗਾਂ ਨੂੰ ਲੈ ਕੇ ਸਰਬਹਾਰੇ ਦੀ ਮੁਕਤੀ ਲਈ ਵਰਗ-ਰਹਿਤ ਸਮਾਜ ਦੀ ਸਥਾਪਨਾ ਦੀ ਕਾਇਮੀ ਲਈ ਮੰਨਾਉਣਗਾ ?

ਪਹਿਲੀ ਮਈ ਸ਼ਿਕਾਗੋ ਦੇ ਸ਼ਹੀਦਾਂ ਨੂੰ ਯਾਦ ਕਰਦਿਆ, 'ਜਿਥੇ 8-ਘੰਟੇ ਲਈ ਡਿਊਟੀ ਦੀ ਮੰਗ ਹੋਵੇ, ਉਥੇ ਕਿਰਤੀ ਵਰਗ ਸਮਾਜਕ ਪ੍ਰੀਵਰਤਨ ਲਿਆਉਣ ਲਈ, 'ਵਰਗ ਭਿੰਨ-ਭੇਦ ਦੇ ਖਾਤਮੇ, ਸੰਸਾਰ ਅਮਨ ਅਤੇ ਸਾਰੇ ਫਰਕ ਮਿਟਾਉਣ ਲਈ ਸੰਘਰਸ਼ ਕਰੇ। ਇਹ ਮਤਾ 1893 ਨੂੰ, 'ਜ਼ੂਰਿਚ ਵਿੱਚ ਹੋਏ ਦੂਸਰੇ ਕੌਮਾਂਤਰੀ ਸੰਮੇਲਨ ਵੱਲੋਂ ਪੇਸ਼ ਹੋਇਆ ਸੀ। ਇਸ ਸੰਮੇਲਨ ਦੌਰਾਨ ਏਂਗਲਜ ਨੇ ਕਿਰਤੀ ਵਰਗ ਨੂੰ ਕਿਹਾ ਕਿ ਪਹਿਲੀ ਮਈ ਨੂੰ, 'ਦੁਨੀਆਂ ਅੰਦਰ ਵਰਗ-ਭੇਦਭਾਵ (ਅਮੀਰੀ-ਗਰੀਬੀ ਅੰਦਰ ਆਰਥਿਕ ਪਾੜਾ) ਨੂੰ ਮਿਟਾਉਣ ਲਈ ਕਿਰਤੀ ਵਰਗ ਨੂੰ ਦ੍ਰਿੜਤਾ ਨਾਲ ਆਪਣੀ ਮੁਕਤੀ ਲਈ ਸੰਘਰਸ਼ਸ਼ੀਲ ਹੋਣਾ ਚਾਹੀਦਾ ਹੈ। ਪਹਿਲੀ ਮਈ ਦੀ ਇਤਿਹਾਸਕ ਘਟਨਾ ਨੇ ਦੁਨੀਆਂ ਅੰਦਰ ਪੂੰਜੀਪਤੀ ਵਰਗ ਦੀ ਲੁੱਟ-ਖਸੁੱਟ ਨੂੰ ਖਤਮ ਕਰਨ ਅਤੇ ਹਰ ਤਰ੍ਹਾਂ ਦੇ ਜ਼ਬਰ ਖਿਲਾਫ਼ ਕਿਰਤੀ-ਵਰਗ ਨੂੰ ਹੱਕ ਮੰਗਣ ਅਤੇ ਸਮਾਜਕ-ਆਰਥਿਕ ਇਨਸਾਫ਼ ਲਈ ਮਾਲਕਾਂ ਦੇ ਆਹਮੋ-ਸਾਹਮਣੇ ਖੜਾ ਕਰ ਦਿੱਤਾ ! ਕਿਰਤੀ ਵਰਗ ਅੰਦਰ ਆਈ ਜਮਾਤੀ-ਜਾਗਰਿਤੀ ਵਾਲੀ ਚੇਤਨਤਾ ਨੇ,'ਮਨੁੱਖ ਹੱਥੋ ਮਨੁੱਖ ਦੀ ਲੁੱਟ-ਖਸੁੱਟ ਵਾਲੇ ਰਾਜ ਪ੍ਰਬੰਧ (ਰਾਜਸਤਾ) ਨੂੰ ਖਤਮ ਕਰਨ, ਹਰ ਜ਼ੁਲਮ ਅਤੇ ਜ਼ਬਰ ਵਿਰੁਧ ਘੋਲ ਕਰਨ ਅਤੇ ਮਨੁੱਖ ਨੂੰ ਗਰੀਬੀ-ਗੁਰਬਤ, ਭੁੱਖ ਅਤੇ ਜ਼ਹਾਲਤ ਤੋਂ ਮੁਕਤੀ ਦਿਵਾਉਣ ਲਈ ਇਹ ਇਕ ਬਹੁਤ ਵੱਡੀ ਇਤਿਹਾਸਕ ਤਬਦੀਲੀ ਵਲ ਕਦਮ ਸੀ। ਸ਼ਿਕਾਗੋ ਦੇ ਇਸ ਇਤਿਹਾਸਕ ਵਰਤਾਰੇ ਨੇ ਮਾਲਕ ਵਿਰੁਧ ਕਿਰਤੀ, ਲੁੱਟ-ਖਸੁੱਟ ਵਿਰੁਧ ਬਰਾਬਰਤਾ, ਖੁਸ਼ਹਾਲੀ ਤੇ ਭਰੱਪਣ ਲਈ ਅਤੇ ਹਰ ਤਰ੍ਹਾਂ ਦੇ ਅਨਿਆਏ ਵਿਰੁਧ ਸੰਘਰਸ਼ਸ਼ੀਲ ਹੋਣ ਲਈ ਮਾਰਕਸਵਾਦੀ ਥਿਊਰੀ ਅਤੇ ਅਮਲ ਦੀ ਪ੍ਰਕਿਰਿਆ ਨੂੰ ਵੀ ਆਹਮੋ-ਸਾਹਮਣੇ ਖੜਾ ਕਰ ਦਿੱਤਾ। ਜਿਸ ਨੂੰ ਦੁਨੀਆਂ ਅੰਦਰ ਪਹਿਲੀ ਵਾਰ ਰੂਸ (ਸਾਬਕਾ ਸੋਵੀਅਤ ਯੂਨੀਅਨ) ਅੰਦਰ ਲੈਨਿਨ ਦੀ ਅਗਵਾਈ ਵਿੱਚ ਮਹਾਨ ਅਕਤੂਬਰ ਇਨਕਲਾਬ (7-ਨਵੰਬਰ) 1917 ਨੇ ਇਸ ਨੂੰ ਅਮਲੀ ਜਾਮਾ ਪਹਿਨਾਉਂਦੇ ਹੋਏ,'ਕਿਰਤੀ ਵਰਗ ਨੂੰ ਰਾਜਸਤਾ ਤੇ ਬਿਠਾਅ ਕੇ ਵਰਗ-ਰਹਿਤ ਸਮਾਜਕ ਪ੍ਰੀਵਰਤਨ ਲਿਆਂਦਾ ਸੀ !

ਦੁਨੀਆ ਅੰਦਰ (ਸਾਬਕਾ) ਸੋਵੀਅਤ ਰੂਸ ਅਧੀਨ ਕਿਰਤੀ-ਵਰਗ ਦੀ ਰਾਜਸਤਾ ਵਾਲੇ ਸਮਾਜਵਾਦੀ ਪ੍ਰਬੰਧ ਦੀਆਂ ਬਰਕਤਾਂ ਅਧੀਨ, 'ਲੁਟ-ਚੋਂਘ ਖਤਮ ਹੋਣ ਨਾਲ ਹਰ ਇਕ ਲਈ ਰੁਜ਼ਗਾਰ, ਸਿੱਖਿਆ, ਸਿਹਤ ਅਤੇ ਅੱਗੇ ਵੱਧਣ ਲਈ ਬਰਾਬਰ ਮੌਕੇ ਮਿਲਣ ਨਾਲ ਸਮਾਜਵਾਦੀ ਸੋਚ ਦੀ ਸਾਰੀ ਦੁਨੀਆਂ ਅੰਦਰ ਚਰਚਾ ਸ਼ੁਰੂ ਹੋ ਗਈ। ਇਸ ਸੋਚ ਦਾ ਸਦਕਾ ਹੀ ਦੁਨੀਆ ਅੰਦਰ ਗੁਲਾਮ ਦੇਸ਼ਾਂ ਵੱਲੋ ਬਸਤੀਵਾਦੀ ਹਾਕਮਾਂ ਵਿਰੁਧ ਮੁਕਤੀ ਅੰਦੋਲਨ, ਕੌਮਾਂ ਦੀ ਆਜ਼ਾਦੀ, ਅਤੇ ਮਨੁੱਖੀ ਅਧਿਕਾਰਾਂ ਪ੍ਰਤੀ ਮੰਗਾਂ, ਸੰਘਰਸ਼ ਅਤੇ ਅੰਦੋਲਨ ਥਾਂ-ਥਾਂ ਫੁਟ ਪਏ। ਬਹੁਤ ਸਾਰੇ ਗੁਲਾਮ ਦੇਸ਼ ਆਜ਼ਾਦ ਹੋਏ। ਪੂੰਜੀਵਾਦੀ ਪ੍ਰਬੰਧ ਵਾਲੇ ਹਾਕਮਾਂ ਵੱਲੋਂ ਆਪਣੇ ਦੇਸ਼ਾਂ ਅੰਦਰ ਕਿਰਤੀ-ਜਮਾਤ ਨੂੰ ਘੱਟੋ ਘੱਟ ਉਜਰਤਾਂ, ਕਿਰਤ ਕਨੂੰਨਾਂ ਦਾ ਹੋਂਦ ਵਿੱਚ ਆਉਣਾ, ਟਰੇਡ ਯੂਨੀਅਨ ਅਧਿਕਾਰ ਅਤੇ ਕਿਰਤੀ ਵਰਗ ਨੂੰ ਮਿਲ ਰਹੀਆਂ ਮਾੜੀਆਂ ਮੋਟੀਆਂ ਸਹੂਲਤਾਂ ਇਹ ਸਭ ਉਸ ਇਤਿਹਾਸਕ ਚਿਣਖ, 'ਜੋ ਸ਼ਿਕਾਗੋ 'ਚ ਫੁੱਟੀ ਅਤੇ ਸੋਵੀਅਤ ਯੂਨੀਅਨ ਵਿੱਚ ਭਾਂਬੜ ਬਣ ਕੇ ਮੱਚੀ 'ਦਾ ਹੀ ਸਿੱਟਾ ਹੈ। ਸਮਾਜਵਾਦੀ-ਵਿਚਾਰਧਾਰਾ ਅਤੇ ਅਮਲ ਦੇ ਦੂਰ-ਰਸ ਪ੍ਰਭਾਵ ਅੱਜ ਵੀ ਹਰ ਪਾਸੇ ਵੇਖਣ ਨੂੰ ਮਿਲਦੇ ਹਨ। ਸੋਵੀਅਤ ਰੂਸ ਦੇ 1991 ਨੂੰ ਟੁੱਟਣ ਬਾਦ ਸੰਸਾਰ ਅੰਦਰ ਬਹੁ-ਧਰੁਵੀ ਆਰਥਿਕ ਪ੍ਰਨਾਲੀ ਦੇ ਕਮਜੋਰ ਹੋਣ ਨਾਲ, 'ਅੱਜ ਪੂੰਜੀਵਾਦੀ ਰਾਜਸਤਾ ਅਧੀਨ ਸੰਸਾਰ ਵਰਤਾਰਾ ਬਿਨਾਂ ਕਿਸੇ ਡਰ-ਭੈਅ ਦੇ, 'ਸਾਮਰਾਜੀ ਅਮਰੀਕਾ ਦੀ ਅਗਵਾਈ ਹੇਠ ਹਰ ਪਾਸੇ ਦਨ-ਦਨਾਅ ਰਿਹਾ ਹੈ। ਉਦਾਰਵਾਦੀ ਆਰਥਿਕ ਨੀਤੀਆ, ਵਿਤੀ ਪੂੰਜੀ ਫੰਡਜ਼, ਖੁਲ੍ਹੀ ਮੰਡੀ, ਆਊਟ ਸੋਰਸਿੰਗ, ਸੁਰੱਖਿਅਤਵਾਦ, ਕਟੌਤੀਆਂ, ਨਸਲਵਾਦ ਅਤੇ ਸਭ ਤੋਂ ਵਧ ਫੌਜੀ ਦਖਲ ਰਾਹੀਂ ਜਿਥੇ ਗਰੀਬ ਅਤੇ ਵਿਕਾਸਸ਼ੀਲ ਦੇਸ਼ਾਂ ਦੀ ਲੁੱਟ ਤੇਜ ਹੋ ਗਈ ਹੈ। ਉਥੇ ਸਭ ਤੋਂ ਵੱਧ ਖਤਰਾ ਵਾਤਾਵਰਨ ਅਤੇ ਸੰਸਾਰ ਅਮਨ ਨੂੰ ਹੋ ਗਿਆ ਹੈ। ਸਾਮਰਾਜ ਅਤੇ ਉਸ ਦੇ ਭਾਈਵਾਲਾਂ ''ਨਾਟੋ-ਜੁੰਡਲੀ'' ਦੇ ਦੋਸ਼ਾਂ ਨੇ ਅੱਜ ਆਰਥਿਕ ਸੰਕਟ ਦਾ ਬੋਝ ਕਿਰਤੀ-ਜਮਾਤ ਤੇ ਪਾਉਣ ਲਈ, 'ਇਸ ਲਈ ਇਕ ਨਵਾਂ ਰਾਹ ਲੱਭ ਲਿਆ ਹੈ। ਗਰੀਬ ਦੇਸ਼ ਅੰਦਰ ਅਸਥਿਰਤਾ ਪੈਦਾ ਕਰਕੇ ਹਥਿਆਰ ਵੇਚਣ ਲਈ ਜੰਗ ਲਾਉਣੀ ਅਤੇ ਇਸਲਾਮਿਕ ਫੋਬੀਆ ਜੋ ਖੁਦ ਅਮਰੀਕੀ ਸਾਮਰਾਜ ਦਾ ਬਗਲ-ਬੱਚਾ ਹੈ, 'ਦਾ ਹਊਆਂ ਖੜਾ ਕਰਕੇ ਦੁਨੀਆਂ ਅੰਦਰ ਕਰੋੜਾਂ ਲੋਕਾਂ ਲਈ ਮੁਸੀਬਤਾਂ ਖੜੀਆ ਕਰਕੇ, 'ਹਰ ਪਾਸੇ ਫੌਜੀ ਗੁੰਡਾਗਰਦੀ ਤੇਜ ਕਰ ਦਿੱਤੀ ਹੈ।

ਸ਼ਿਕਾਗੋ ਦੇ ਸ਼ਹੀਦਾਂ ਨੂੰ ਯਾਦ ਕਰਦਿਆ, 'ਪਹਿਲੀ ਮਈ ਦੇ ਇਤਿਹਾਸਕ ਦਿਹਾੜੇ 'ਤੇ ਜਿਥੇ ਕਿਰਤੀ ਵਰਗ ਨੇ ਆਪਣੀਆਂ ਆਰਥਿਕ ਮੰਗਾਂ, ਬਿਹਤਰ ਜੀਵਨ ਲੋੜਾਂ ਦੀ ਪੂਰਤੀ ਲਈ ਹੋਰ ਸਹੂਲਤਾਂ ਦੀ ਮੰਗ ਕਰਨੀ ਹੈ, ਉਥੇ ਅੱਜ ਦੇ ਨਾਜ਼ੁਕ ਹਾਲਾਤਾਂ ਲਈ ਜਿੰਮੇਵਾਰ ਸਾਮਰਾਜੀ ਦਬਾਅ ਅਧੀਨ ਲਾਗੂ ਕੀਤੀਆਂ ਗਈਆਂ ਉਦਾਰਵਾਦੀ ਨੀਤੀਆਂ, 'ਜੋ ਮਾਜੂਦਾ ਆਰਥਿਕ ਮੰਦਵਾੜੇ ਲਈ ਅਤੇ ਕਿਰਤੀ ਵਰਗ ਨੂੰ ਦਰਪੇਸ਼ ਬੇਰੁਜ਼ਗਾਰੀ, ਆਰਥਿਕ-ਨਾ-ਬਰਾਬਰੀ, ਮਹਿੰਗਾਈ ਅਤੇ ਕੰਗਾਲੀ ਦਾ ਮੁੱਖ ਕਾਰਨ ਹਨ, 'ਨੂੰ ਸਮਝਣਾ ਪਏਗਾ। ਇਨ੍ਹਾਂ ਨੀਤੀਆਂ ਨੂੰ ਮੋੜਾ ਦੇਣ ਲਈ ਕਿਰਤੀ ਵਰਗ ਨੂੰ, 'ਇਕ ਵਿਸ਼ਾਲ ਜਨਤਕ ਰੋਹ ਵਾਲਾ ਲਗਾਤਾਰਤਾ-ਪੱਖ ਤੋਂ ਸੰਘਰਸ਼ ਵਿੱਢ ਕੇ,'ਰਾਜਨੀਤਕ-ਵਿਚਾਰਧਾਰਕ ਪੱਖ ਦੀ ਮਜਬੂਤੀ ਲਈ ਅੱਗੇ ਵੱਧਣ ਲਈ ਇਕ-ਜੁਟਤਾ 'ਤੇ ਪੈਹਰਾ ਦਿੰਦੇ ਹੋਏ ਹਾਕਮਾਂ ਦੀਆਂ ਲੋਕ ਵਿਰੋਧੀ ਨੀਤੀਆਂ ਵਿਰੁਧ ਦ੍ਰਿੜਤਾ ਨਾਲ ਸੰਘਰਸ਼ਾਂ ਦੀ ਲਾਮਬੰਦੀ ਜਾਰੀ ਰੱਖਣੀ ਚਾਹੀਦੀ ਹੈ। ਕਿਰਤੀ ਵਰਗ ਨੂੰ ਸੁਚੇਤ ਕਰਨ ਲਈ ਸਾਮਰਾਜ, ਕੱਟੜਵਾਦ, ਦਹਿਸ਼ਤਗਰਦੀ, ਫਿਰਕਾਪ੍ਰਸਤੀ ਅਤੇ ਉਦਾਰੀਵਾਦ ਪ੍ਰਤੀ ਕਦੀ ਵੀ ਢਿਲ-ਮੱਠ ਨਾ ਵਰਤਣ ਅਤੇ ਕਦੀ ਵੀ ਅਵੇਸਲੇ ਨਾ ਹੁੰਦੇ ਹੋਏ ਸਦਾ ਹੀ ਆਪਣੇ ਵਰਗ ਪ੍ਰਤੀ ਸੰਜੀਦਾ ਅਤੇ ਜਾਗਰੂਕ ਰਹਿਣ ਦਾ ਹਰ ਵੇਲੇ ਪਾਠ ਪੜ੍ਹਾਉਂਦੇ ਰਹਿਣਾ ਚਾਹੀਦਾ ਹੈ। ਕਿਉਂਕਿ ਇਹ ਇਕ ਸਚਾਈ ਹੈ, 'ਕਿ ਸਾਮਰਾਜ ਅਤੇ ਪੂੰਜੀਵਾਦ ਕਦੀ ਵੀ ਮਨੁੱਖਤਾ ਪ੍ਰਤੀ ਹਮਦਰਦ ਨਹੀਂ ਹੋ ਸਕਦਾ ? ਇਸ ਦਾ ਮੁਨਾਫੇ ਲਈ ਕਰੂਰ ਦਿਲ, ਲੁੱਟ-ਖਸੁੱਟ ਵਾਲੀ ਮਾਨਸਿਕਤਾ ਅਤੇ ਅਣ-ਮਨੁੱਖੀ ਵਰਤਾਰਾ ਕਦੀ ਵੀ ਬਦਲਿਆ ਨਹੀਂ ਜਾ ਸਕਦਾ ? ਇਸ ਦਾ ਇਕੋ ਇਕ ਇਲਾਜ ਲੁੱਟ-ਰਹਿਤ ਸਮਾਜ ਦੀ ਸਿਰਜਣਾ ਕਰਕੇ ਕਿਰਤੀ ਵਰਗ ਨੂੰ ਮੁਕਤੀ ਮਿਲ ਸਕਦੀ ਹੈ। ਮਿਲ ਮਾਲਕ ਜਾਂ ਪੂੰਜੀਪਤੀ ਕਿਰਤੀ ਦਾ ਅੰਨਦਾਤਾ ਨਹੀਂ ਅਤੇ ਨਾ ਹੀ ਇਹ ਕਿਰਤੀ ਨੂੰ ਰੁਜ਼ਗਾਰ ਦਿੰਦਾ ਹੈ। ਸਗੋਂ ਇਹ ਆਪਣੀ ਪੂੰਜੀ ਦੇ ਵਾਧੇ ਲਈ ਕਿਰਤੀ-ਵਰਗ ਦੀ ਕਿਰਤ ਦੀ ਲੁੱਟ ਕਰਦਾ ਹੈ।

ਅੱਜ ਦੇ ਇਸ ਇਤਿਹਾਸਕ ਦਿਵਸ 'ਤੇ, ਸਰਬਹਾਰੇ ਦੇ ਇਸ ਮਹਾਨ ਟੀਚੇ,''ਕਿਰਤੀ ਵਰਗ ਦੀ ਮੁਕਤੀ'' ਲਈ ਅੱਗੇ ਵੱਧਣ ਲਈ ਦਰੁਸਤ ਮਾਰਕਸਵਾਦੀ ਲੈਨਿਨਵਾਦੀ ਸੋਚ ਵਾਲੀ ਇਨਕਲਾਬੀ ਪਾਰਟੀ ਨੂੰ ਪਹਿਚਾਣਕੇ, 'ਆਪੋ ਆਪਣੇ ਦੇਸ਼ਾਂ ਅੰਦਰ, 'ਇਸ ਇਤਿਹਾਸਕ ਮਿਸ਼ਨ ਦੀ ਸਫਲਤਾ ਲਈ ਉਸ ਦੇ ਭਾਈਵਾਲ ਬਣਕੇ, 'ਬਣਦਾ ਯੋਗਦਾਨ ਪਾਈਏ। ਇਹ ਇਤਿਹਾਸਕ ਮਿਸ਼ਨ ਹੀ, 'ਮਨੁੱਖਤਾ ਦੇ ਭਲੇ ਤੋਂ ਸ਼ੁਰੂ ਹੋ ਕੇ, ਕਿਰਤੀ-ਜਮਾਤ ਦੀ ਮੁਕਤੀ ਅਤੇ ਸੰਸਾਰ ਅਮਨ ਲਈ ਰਾਹ ਖੋਲ੍ਹਦਾ ਹੈ। ਪਹਿਲੀ ਮਈ-1886 ਨੂੰ ਸ਼ਿਕਾਗੋ ਦੇ ਮਹਾਨ ਕਿਰਤੀਆਂ ਨੇ ਆਪਣਾ ਖ਼ੂਨ ਡੋਲ ਕੇ ਦੁਨੀਆ ਭਰ ਦੇ ਕਿਰਤੀਆਂ ਨੂੰ ''ਸੂਹਾ ਲਾਲ ਫਲੇਰਾ'' ਜੋ ਹੱਕਾਂ ਲਈ ਸੰਘਰਸ਼ ਕਰਨ ਦਾ ਇਕ ਪ੍ਰਤੀਕ ਸਾਨੂੰ ਦਿੱਤਾ ਹੋਇਆ ਹੈ। ਆਓ ! ਇਸ ਨੂੰ ਹੋਰ ਸੂਹਾ ਬਣਾਉਣ ਲਈ ਹਰ ਤਰ੍ਹਾਂ ਦੇ ਸੋਸ਼ਣ ਅਤੇ ਅਨਿਆਏ ਵਿਰੁਧ ਆਪੋ-ਆਪਣੇ ਮੋਰਚਿਆ 'ਚ ਸੰਘਰਸ਼ਸ਼ੀਲ ਹੋਣ ਲਈ ਸੰਕਲਪ ਕਰੀਏ ! ਜੋ ਕੁਝ ਕਿਰਤੀ-ਜਮਾਤ ਨੇ ਪ੍ਰਾਪਤ ਕੀਤਾ ਹੈ, 'ਇਹ ਮਈ ਦਿਵਸ ਦੀ ਵਿਰਾਸਤ ਦਾ ਹੀ ਸਿਟਾ ਹੈ, ਕਿਸੇ ਮਾਲਕ, ਪੂੰਜੀਪਤੀ ਜਾਂ ਹਾਕਮਾਂ ਵੱਲੋ ਮਿਲਿਆ ਦਾਨ ਨਹੀਂ ਹੈ ! ਅੱਜ ਨਹੀਂ ਤਾਂ ਕਲ ! ਭਵਿਖ ਕਿਰਤੀ-ਵਰਗ ਦਾ ਹੀ ਹੋਵੇਗਾ ਸਾਨੂੰ ਕੋਈ ਭੁਲੇਖਾ ਨਹੀਂ ਰਹਿਣਾ ਚਾਹੀਦਾ ! ਸ਼ਿਕਾਗੋ ਦੇ ਸ਼ਹੀਦਾਂ ਨੂੰ ਲਾਲ ਸਲਾਮ ! ਆਓ ! ਸਾਰੇ ਮਿਲਕੇ ਕੋਵਿਡ-19 ਮਹਾਂਮਾਰੀ ਦਾ ਭਾਈਚਾਰਕ ਤੌਰ 'ਤੇ ਮੁਕਾਬਲਾ ਕਰੀਏ।

91-9217997445

ਜਗਦੀਸ਼ ਸਿੰਘ ਚੋਹਕਾ

# ਭਾਰਤ ਦਾ ਦਮ ਉਖਾੜਨ ਵਾਲੀ ਕੋਰੋਨਾ ਦੀ ਦੂਸਰੀ ਲਹਿਰ

-ਤਰੁਣ ਗੁਪਤ

ਕੋਰੋਨਾ ਇਨਫੈਕਸ਼ਨ ਦੀ ਦੂਸਰੀ ਲਹਿਰ ਇਨ੍ਹੀਂ ਦਿਨੀਂ ਭਾਰਤ ਵਿੱਚ ਕਹਿਰ ਢਾਹ ਰਹੀ ਹੈ। ਜਾਨਲੇਵਾ ਕੋਰੋਨਾ ਵਾਇਰਸ ਦਾ ਨਵੇਂ ਸਿਰੇ ਤੋਂ ਉਭਰਨਾ ਓਨਾ ਹੀ ਹੈਰਤ ਅੰਗੇਜ਼ ਹੈ, ਜਿੰਨਾ ਬੀਤੇ ਸਾਲ ਉਸ ਦੇ ਮੂਲ ਰੂਪ ਵਾਲਾ ਕਹਿਰ ਸੀ। ਇਸ ਦੌਰਾਨ ਇੱਕ ਦੇਸ਼ ਦੇ ਰੂਪ ਵਿੱਚ ਭਾਰਤ ਤੋਂ ਇਹ ਮੰਨਣ ਦੀ ਭੁੱਲ ਹੋ ਗਈ ਕਿ ਬਦਤਰ ਦੌਰ ਬੀਤ ਚੁੱਕਾ ਹੈ ਅਤੇ ਅੱਗੋਂ ਕੋਵਿਡ ਪ੍ਰੋਟੋਕਾਲ ਦੀ ਪਾਲਣਾ ਦੀ ਲੋੜ ਨਹੀਂ। ਸ਼ਾਇਦ ਇਸ ਦਾ ਇੱਕ ਕਾਰਨ ਕੋਵਿਡ ਤੋਂ ਉਪਜ ਰਿਹਾ ਅਕਾਊਪੁਣਾ ਜਾਂ ਥਕਾਵਟ ਹੋਵੇ, ਜਿਸ ਕਾਰਨ ਸਾਡਾ ਆਚਰਣ ਕੁਝ ਬੇਪ੍ਰਵਾਹ ਹੋ ਗਿਆ ਸੀ ਜਾਂ ਫਿਰ ਅਸੀਂ ਕੋਰੋਨਾ ਦੇ ਨਵੇਂ ਉਭਰੇ ਰੂਪਾਂ ਪ੍ਰਤੀ ਲਾਪਰਵਾਹੀ ਦਿਖਾਈ ਸੀ।

ਅਸਲ ਕਾਰਨ ਚਾਹੇ ਜੋ ਵੀ ਹੋਵੇ, ਸਾਡੀ ਹੀਲਾ-ਹਵਾਲੀ ਅਤੇ ਢਿੱਲ ਮੱਠ ਦੇ ਕਾਰਨ ਦੂਸਰੀ ਲਹਿਰ ਹੋਰ ਤਿੱਖੀ ਹੁੰਦੀ ਗਈ। ਹਸਪਤਾਲਾਂ ਤੇ ਸ਼ਮਸ਼ਾਨਘਾਟਾਂ ਦੇ ਬਾਹਰ ਅੰਦਰ ਦੇ ਦਰਦਨਾਕ ਦ੍ਰਿਸ਼ਾਂ ਨੇ ਸਾਨੂੰ ਗਹਿਰੇ ਸਦਮੇ ਨਾਲ ਭਰ ਦਿੱਤਾ ਹੈ। ਗਹਿਰੀ ਚੀਸ ਦੇਣ ਵਾਲੇ ਇਨ੍ਹਾਂ ਜ਼ਖਮਾਂ ਦਾ ਦਰਦ ਸੋਚ ਕੇ ਹੋਰ ਵਧ ਜਾਂਦਾ ਹੈ ਕਿ ਇਸ ਲਹਿਰ ਦੇ ਕਹਿਰ ਨੂੰ ਟਾਲਿਆ ਜਾ ਸਕਦਾ ਸੀ ਜਾਂ ਘੱਟੋ ਘੱਟ ਉਸ ਦੀ ਭਿਆਨਕਤਾ ਨੂੰ ਘੱਟ ਕੀਤਾ ਜਾ ਸਕਦਾ ਸੀ। ਕੋਵਿਡ ਮਹਾਮਾਰੀ ਦੇ ਇਸ ਕਹਿਰ ਨੇ ਸਾਡੀ ਆਤਮਾ ਨੂੰ ਛਾਨਣੀ ਕਰ ਦਿੱਤਾ ਹੈ। ਜਿਸ ਨਾਗਰਿਕ ਸਮਾਜ ਨੂੰ ਇਸ ਦੀ ਤਪਸ਼ ਸਹਿਣੀ ਪਈ ਹੈ, ਉਹ ਵੀ ਸ਼ਾਇਦ ਅਨੁਸ਼ਾਸਿਤ ਹੋਣ ਦੀ ਥਾਂ ਗੈਰ ਜ਼ਿੰਮੇਵਾਰ ਅਤੇ ਕੁਝ ਹੱਦ ਤੱਕ ਸੰਵੇਦਨਹੀਣ ਵਿਹਾਰ ਦਾ ਦੋਸ਼ੀ ਰਿਹਾ। ਇੱਕ ਨੁਕਤਾ ਇਹ ਹੈ ਕਿ ਕੀ ਨੇਤਾਵਾਂ ਨੇ ਉਨ੍ਹਾਂ ਨੂੰ ਆਤਮ ਸੰਤੁਸ਼ਟੀ ਦੇ ਝੂਠੇ ਮਾਇਆਜਾਲ ਵਿੱਚ ਫਸਾਇਆ? ਆਖਰ ਚੋਣ ਰੈਲੀਆਂ ਤੇ ਧਾਰਮਿਕ ਇਕੱਠਾਂ ਦੀ ਕੀ ਲੋੜ ਸੀ?

ਇਹ ਅਜਿਹੇ ਸਵਾਲ ਹਨ, ਜੋ ਸੱਤਾ ਦੇ ਗਲਿਆਰਿਆਂ ਉੱਤੇ ਕਾਬਜ਼ ਲੋਕਾਂ ਤੋਂ ਪੁੱਛੇ ਜਾਣੇ ਚਾਹੀਦੇ ਹਨ। ਉਨ੍ਹਾਂ ਦੀਆਂ ਲਾਪਰਵਾਹੀਆਂ ਵੀ ਦੇਸ਼ ਦੇ ਮੌਜੂਦਾ ਸਿਹਤ ਸੰਕਟ ਲਈ ਕਾਫੀ ਹੱਦ ਤੱਕ ਜ਼ਿੰਮੇਵਾਰ ਹਨ।ਉਨ੍ਹਾਂ ਨੂੰ ਇਸ ਵਾਸਤੇ ਜਵਾਬਦੇਹ ਬਣਾਉਣ ਦੀ ਲੋੜ ਹੈ। ਜੇ ਉਹ ਚੋਣਾਂ ਦੌਰਾਨ ਵੱਡੀਆਂ ਰੈਲੀਆਂ ਰੋਡ ਸ਼ੋਅ ਨਾ ਕਰਦੇ, ਧਾਰਮਿਕ ਆਯੋਜਨਾਂ ਵੇਲੇ ਕੋਵਿਡ 19 ਦੇ ਨਿਯਮ ਸਖ਼ਤੀ ਨਾਲ ਲਾਗੂ ਕਰਾਏ ਜਾਂਦੇ ਤੇ ਖੁਦ ਚੰਗੇ ਆਚਰਣ ਨਾਲ ਲੋਕਾਂ ਲਈ ਮਿਸਾਲ ਬਣਦੇ ਤਾਂ ਯਕੀਨਨ ਦੇਸ਼ ਵਿਚ ਅੱਜ ਵਰਗੇ ਸਿਹਤ ਬਾਰੇ ਭਿਆਨਕ ਹਾਲਾਤ ਨਾ ਬਣਦੇ। ਇਸ ਲਈ ਇਹ ਕਹਿਣਾ ਗਲਤ ਨਹੀਂ ਕਿ ਸਰਕਾਰਾਂ, ਵਿਰੋਧੀ ਪਾਰਟੀਆਂ, ਲੋਕਾਂ ਤੇ ਕਾਨੂੰਨ ਲਾਗੂ ਕਰਨ ਵਾਲੇ ਅਦਾਰਿਆਂ ਤੋਂ ਕੋਵਿਡ 19 ਦੇ ਖਤਰੇ ਨੂੰ ਸਮਾਂ ਰਹਿੰਦਿਆਂ ਭਾਂਪਣ ਵਿਚ ਕਿਤੇ ਨਾ ਕਿਤੇ ਉਕਾਈ ਜ਼ਰੂਰ ਹੋਈ, ਜਿਸ ਦਾ ਨਤੀਜਾ ਇਹ ਹੈ ਕਿ ਕੋਰੋਨਾ ਦੀ ਦੂਜੀ ਲਹਿਰ ਵੱਡੀ ਗਿਣਤੀ ਵਿੱਚ ਲੋਕਾਂ ਨੂੰ ਆਪਣਾ ਸ਼ਿਕਾਰ ਬਣਾ ਰਹੀ ਹੈ ਤੇ ਦਮ ਉਖਾੜਦੀ ਜਾ ਰਹੀ ਹੈ।

ਅਸਲ ਵਿਚ ਹੁਕਮਰਾਨਾਂ ਤੋਂ ਇਹੀ ਉਮੀਦ ਹੁੰਦੀ ਹੈ ਕਿ ਉਹ ਸ਼ਾਸਨ ਸੰਚਾਲਨ ਵਿੱਚ ਬੀਤੇ ਤਜਰਬੇ ਤੋਂ ਸਬਕ ਅਤੇ ਭਵਿੱਖ ਬਾਰੇ ਦੂਰਦਰਸ਼ਿਤਾ ਦਾ ਸਬੂਤ ਦੇਣ। ਸਾਡੀ ਰਾਜਨੀਤਕ ਕਾਰਜ ਪਾਲਿਕਾ ਨੂੰ ਇਹ ਸਵੀਕਾਰ ਕਰਨ ਵਿੱਚ ਗੁਰੇਜ਼ ਨਹੀਂ ਹੋਣਾ ਚਾਹੀਦਾ ਕਿ ਵਾਇਰਸ ਨੂੰ ਹਰਾਉਣ ਤੋਂ ਪਹਿਲਾਂ ਹੀ ਉਸ ਨੂੰ ਮਾਤ ਦੇਣ ਦਾ ਭਰਮ ਪਾਲ ਲਿਆ ਸੀ। ਇਸ ਨਾਲ ਜਨਤਾ ਵਿੱਚ ਗਲਤ ਸੰਦੇਸ਼ ਗਿਆ। ਇਸ ਭੁੱਲ ਨੂੰ ਮੰਨਣਾ ਜ਼ਰੂਰੀ ਹੈ, ਕਿਉਂਕਿ ਉਸ ਦੀ ਅਣਹੋਂਦ ਵਿੱਚ ਕੋਈ ਵੀ ਮੱਲ੍ਹਮ ਆਰਾਮ ਨਹੀਂ ਪੁਚਾ ਸਕੇਗੀ। ਚੇਤੇ ਰਹੇ ਕਿ ਜੋ ਇਤਿਹਾਸ ਦੀਆਂ ਗਲਤੀਆਂ ਤੋਂ ਸਬਕ ਨਹੀਂ ਲੈਂਦੇ, ਉਹ ਉਨ੍ਹਾਂ ਨੂੰ ਦੁਹਰਾਉਣ ਦੇ ਆਦੀ ਹੁੰਦੇ ਹਨ।

ਪ੍ਰਧਾਨ ਮੰਤਰੀ ਨੇ ਆਪਣੇ ਲੰਬੇ ਸਮੇਂ ਤੋਂ ਉਡੀਕੇ ਅਤੇ ਕੁਝ ਦੇਰੀ ਨਾਲ ਦੇਸ਼ ਦੇ ਨਾਮ ਸੰਬੋਧਨ ਵਿੱਚ ਹਮਦਰਦੀ ਅਤੇ ਭਰੋਸਾ ਦੇਣ ਦੇ ਨਾਲ ਲਾਕਡਾਊਨ ਉੱਤੇ ਲੱਗ ਰਹੀਆਂ ਅਟਕਲਾਂ ਨੂੰ ਰੱਦ ਕੀਤਾ। ਜਦ ਲੋਕਾਂ ਉਤੇ ਮਹਾਮਾਰੀ ਨਾਲ ਮੌਤ ਦਾ ਸੰਭਾਵੀ ਖਤਰਾ ਜਾਂ ਗਰੀਬੀ ਨਾਲ ਤੈਅਸ਼ੁਦਾ ਭੁੱਖਮਰੀ ਦੇ ਕੰਢੇ ਪੁੱਜਣ ਦੇ ਹਾਲਾਤ ਉਤਪੰਨ ਹੋਣ ਵਰਗੇ ਬਦਲਾਂ ਵਿੱਚੋਂ ਚੁਣਨ ਦੀ ਵਾਰੀ ਆਵੇ ਤਾਂ ਕਿਸੇ ਇੱਕ ਦੀ ਚੋਣ ਕਰਨੀ ਹੁੰਦੀ ਹੈ, ਪਰ ਸਪੱਸ਼ਟ ਹੈ ਕਿ ਇਹ ਉਹ ਫੈਸਲਾਕੁੰਨ ਸਮਾਂ ਹੈ ਕਿ ਅਸੀਂ ਜੀਵਨ ਨੂੰ ਅੱਗੇ ਵਧਾਈਏ। ਫਿਲਹਾਲ ਚੀਜ਼ਾਂ ਪੁਰਾਣੇ ਆਮ ਢੰਗ ਨਾਲ ਨਹੀਂ ਹੋ ਸਕਦੀਆਂ। ਅਜੇ ਕੋਵਿਡ ਅਨੁਸ਼ਾਸਨ ਨੂੰ ਅਪਣਾਉਣ ਦੇ ਇਲਾਵਾ ਕੋਈ ਹੋਰ ਬਦਲ ਨਹੀਂ ਹੈ।

ਕੇਂਦਰ ਤੇ ਰਾਜ ਸਰਕਾਰਾਂ ਦੇ ਅੱਗੇ ਜ਼ਿੰਮੇਵਾਰੀਆਂ ਦਾ ਪਹਾੜ ਹੈ, ਪਰ ਪਤਾ ਨਹੀਂ ਕਿਨ੍ਹਾਂ ਮਜਬੂਰੀਆਂ ਕਾਰਨ ਉਹ ਜ਼ਿੰਮੇਵਾਰੀਆਂ ਨਿਭਾਉਣ ਤੋਂ ਪਿੱਛੇ ਹਟਦੀਆਂ ਜਾਂਦੀਆਂ ਹਨ? ਕੋਰੋਨਾ ਪੀੜਤਾਂ ਦੀ ਟੈਸਟਿੰਗ, ਟ੍ਰੇਸਿੰਗ ਤੇ ਇਲਾਜ ਦੇ ਨਾਲ ਵਿਆਪਕ ਟੀਕਾਕਰਨ ਮੁਹਿੰਮ ਨੂੰ ਅੱਗੇ ਵਧਾਉਣ ਦੇ ਇਲਾਵਾ ਉਨ੍ਹਾਂ ਨੂੰ ਵੈਕਸੀਨ ਬਾਰੇ ਝਿਜਕ ਦੂਰ ਕਰਨੀ ਹੋਵੇਗੀ। ਟੀਕੇ ਨੂੰ ਨਕਾਰਨ ਵਾਲੇ ਲੋਕਾਂ ਦੀਆਂ ਮਿੱਥ ਧਾਰਨਾਵਾਂ ਉਤੇ ਵਾਰ ਕਰਨਾ ਹੋਵੇਗਾ। ਸੂਚਨਾਵਾਂ ਦੀ ਬਹੁਤਾਤ ਵਾਲੇ ਇਸ ਦੌਰ ਵਿੱਚ ਅੱਧੀਆਂ ਅਧੂਰੀਆਂ ਅਤੇ ਆਧਾਰਹੀਣ ਰਿਪੋਰਟਾਂ ਅਕਸਰ ਤੌਖਲੇ ਵਧਾਉਣ ਦਾ ਕੰਮ ਕਰਦੀਆਂ ਹਨ। ਪ੍ਰਭਾਵੀ ਸੰਚਾਰ ਹੀ ਇਸ ਕੂੜ ਪ੍ਰਚਾਰ ਦਾ ਇੱਕ ਇਲਾਜ ਹੈ। ਪੋਲੀਓ ਹਟਾਓ ਮੁ-ਹੰਮ ਦੇ ਸਮੇਂ ਤੋਂ ਹੀ ਕਾਰਗਰ ਸੰਚਾਰ ਰਣਨੀਤੀਆਂ ਅੜਿੱਕੇ ਦੂਰ ਕਰਨ ਵਿਚ ਮਦਦਗਾਰ ਸਿੱਧ ਹੋਈਆਂ ਹਨ। ਮੌਜੂਦਾ ਸਥਿਤੀ ਆਮ ਬਣਾਉਣ ਲਈ ਟੀਕਾਕਰਨ ਸਭ ਤੋਂ ਕਾਰਗਰ, ਸੁਰੱਖਿਅਤ ਤੇ ਇਕਲੌਤਾ ਉਪਾਅ ਹੈ।

ਬੀਤੇ ਸਾਲ ਦੇ ਸ਼ੁਰੂ ਵਿਚ ਕੋਰੋਨਾ ਦੀ ਦਸਤਕ ਦੇ ਨਾਲ ਇੱਕ ਸਮਾਨਾਂਤਰ ਮਕਸਦ ਇਹ ਹਾਸਲ ਹੋਇਆ ਕਿ ਉਸ ਨੇ ਨਾਗਰਿਕਤਾ ਤਰਮੀਮ ਕਾਨੂੰਨ ਅਰਥਾਤ ਸੀ ਏ ਏ ਵਿਰੋਧੀ ਰੋਸ ਮੁਜ਼ਾਹਰਿਆਂ ਨੂੰ ਇਕਦਮ ਸਮਾਪਤ ਕਰਵਾ ਦਿੱਤਾ। ਅੱਜਕੱਲ੍ਹ ਚੱਲ ਰਹੇ ਕਿਸਾਨ ਅੰਦੋਲਨ ਨੂੰ ਮੁਕਾਉਣ ਵਿੱਚ ਕਿੰਨਾ ਸਮਾਂ ਲੱਗੇਗਾ, ਕੋਈ ਨਹੀਂ ਜਾਣਦਾ। ਉਮੀਦ ਕਰਨੀ ਚਾਹੀਦੀ ਹੈ ਕਿ ਸਰਕਾਰ ਪ੍ਰਦਰਸ਼ਨਕਾਰੀਆਂ ਨੂੰ ਸਮਝਾ ਕੇ ਅੰਦੋਲਨ ਸਮਾਪਤ ਕਰਵਾ ਦੇਵੇਗੀ। ਸ਼ੁਰੂਆਤੀ ਲਾਕਡਾਊਨ ਦੇ ਦੋ ਮਕਸਦ ਸਨ। ਇੱਕ ਇਨਫੈਕਸ਼ਨ ਦੇ ਪਸਾਰ ਉੱਤੇ ਕਾਬੂ ਪਾਉਣਾ ਅਤੇ ਦੂਜਾ, ਇਸ ਦੌਰਾਨ ਮਿਲੇ ਸਮੇਂ ਵਿੱਚ ਆਪਣੇ ਸਿਹਤ ਢਾਂਚੇ ਨੂੰ ਉਨਤ ਬਣਾਉਣਾ। ਭਾਵੇਂ ਹੀ ਸਰਕਾਰਾਂ ਦਾਅਵਾ ਕਰਨ ਕਿ ਸਾਲ ਭਰ ਪਹਿਲਾਂ ਦੇ ਮੁਕਾਬਲੇ ਸਾਡਾ ਸਿਹਤ ਢਾਂਚਾ ਸੁਧਰਿਆ ਹੈ, ਪਰ ਬੀਤੇ ਦਿਨਾਂ ਦੀਆਂ ਭਿਆਨਕ ਤਸਵੀਰਾਂ ਦਸਦੀਆਂ ਹਨ ਕਿ ਇਹ ਬਿਹਤਰ ਵੀ ਸਪੱਸ਼ਟ ਤੌਰ ਉਤੇ ਨਾਕਾਫੀ ਹੈ। ਹਸਪਤਾਲਾਂ ਵਿੱਚ ਬੈੱਡਾਂ ਤੋਂ ਦਵਾਈਆਂ ਅਤੇ ਆਕਸੀਜਨ ਦੀ ਕਿੱਲਤ ਇਸ ਦੀ ਪੁਸ਼ਟੀ ਕਰਦੇ ਹਨ। ਸਾਨੂੰ ਵੱਡੇ ਪੈਮਾਨੇ ਉਤੇ ਲਾਲ-ਫੀਤਾਸ਼ਾਹੀ ਤੋਂ ਪਾਰ ਪਾਉਣ ਅਤੇ ਸਿਹਤ ਢਾਂਚੇ ਉੱਤੇ ਖਰਚਾ ਵਧਾਉਣ ਦੀ ਲੋੜ ਹੈ ਅਤੇ ਉਸ ਦੇ ਲਈ ਜ਼ਰੂਰੀ ਹੈ ਕਿ ਅਸੀਂ ਆਪਣੇ ਅਰਥਚਾਰੇ ਦਾ ਆਕਾਰ ਵਧਾਉਣ ਲਈ ਕੰਮ ਕਰੀਏ। ਦੇਸ਼ ਨੂੰ ਢਿੱਲੋ-ਮੱਠੇ ਰਵੱਈਏ ਦੀ ਜਗ੍ਹਾ ਸਰਗਰਮੀ ਚਾਹੀਦੀ ਹੈ। ਕੋਈ ਵੀ ਵਿਚਾਰਧਾਰਾ ਸਾਡੇ ਵਿਕਾਸ ਵਿੱਚ ਰੋੜਾ ਨਹੀਂ ਬਣਨੀ ਚਾਹੀਦੀ। ਆਦਤਨ ਅਸੰਤੁਸ਼ਟ, ਵਿਰੋਧੀ ਅਤੇ ਪ੍ਰਦਰਸ਼ਨਕਾਰੀ ਅਤੇ ਉਨ੍ਹਾਂ ਦੇ ਸਮਰਥਕ ਜੋ ਚਾਹੇ ਨਾਗਰਿਕ ਸਮਾਜ ਤੋਂ ਸਿਆਸੀ ਪਾਰਟੀਆਂ ਵਿਚ ਹੋਣ, ਉਹ ਅੜਿੱਕੇ ਪਾਉਣ ਵਾਲੀ ਵਿਚਾਰਧਾਰਾ ਦਾ ਤਿਆਗ ਕਰਨ ਤਾਂ ਦੇਸ਼ ਦਾ ਬਹੁਤ ਭਲਾ ਕਰਨਗੇ।

ਆਫਤ ਦੇ ਸਮੇਂ ਇੱਕ ਦੂਜੇ ਉਤੇ ਦੋਸ਼ ਮੜ੍ਹੀ ਜਾਣ ਦਾ ਕੋਈ ਲਾਹਾ ਨਹੀਂ। ਇਸ ਦੌਰ ਵਿੱਚ ਜੇ ਸਿਆਸੀ ਵਿਰੋਧੀ ਧਿਰ ਵੱਲ ਦੇਖੀਏ ਤਾਂ ਉਨ੍ਹਾਂ ਵੱਲੋਂ ਕੀਤੀ ਜਾ ਰਹੀ ਆਲੋਚਨਾ ਕਈ ਗੱਲਾਂ ਵਿੱਚ ਠੀਕ ਨਹੀਂ ਲੱਗਦੀ। ਇਸ ਤੋਂ ਬਦਤਰ ਇਹ ਹੈ ਕਿ ਉਸ ਵਿੱਚ ਸੰਵੇਦਨਾ-ਹਮਦਰਦੀ ਦੀ ਥਾਂ ਪਰਾਈ ਪੀੜਾ ਤੋਂ ਮਿਲਦੇ ਆਨੰਦ ਦਾ ਅਹਿਸਾਸ ਵੱਧ ਦਿਖਾਈ ਦਿੰਦਾ ਹੈ। ਸਭਿਅਕ ਲੋਕਤੰਤਰਾਂ ਵਿੱਚ ਰਾਜਨੀਤਕ ਮੌਕਾਪ੍ਰਸਤੀ ਦੀ ਵੀ ਇੱਕ ਹੱਦ ਤਾਂ ਹੋਣੀ ਚਾਹੀਦੀ ਹੈ। ਕਹਾਵਤ ਹੈ ਕਿ 'ਕੁਝ ਤ੍ਰਾਸਦੀਆਂ ਦੇ ਕੋਈ ਮੁਜਰਮ ਨਹੀਂ, ਕੇਵਲ ਭੁਗਤਭੋਗੀ ਹੁੰਦੇ ਹਨ।' ਇਸ ਆਫਤ ਵਿੱਚ ਅਣਗਿਣਤ ਪੀੜਤ ਤੇ ਅਸੰਖ ਖਲਨਾਇਕ ਹਨ। ਇਸ ਮੁਹਾਂਦਰੇ ਵਿੱਚ ਕੇਵਲ ਇਸ ਨਾਲ ਹੀ ਕੁਝ ਤਸੱਲੀ ਮਿਲਦੀ ਹੈ ਕਿ ਅਜਿਹੇ ਤ੍ਰਾਸਦੀ ਵਾਲੇ ਵਕਤ ਵਿੱਚ ਵੀ ਲੋਕ ਅਣਜਾਣ ਲੋੜਵੰਦਾਂ ਤੱਕ ਮਦਦ ਪਹੁੰਚਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਇਹ ਸਾਡੇ ਸਮਾਜ ਦੀ ਸੰਵੇਦਨਸ਼ੀਲਤਾ ਨੂੰ ਦਰਸਾਉਂਦਾ ਹੈ। ਅਜਿਹੇ ਵਿਕਰਾਲ ਸੰਕਟ ਨਾਲ ਸਿਰਫ ਭਾਈਚਾਰਕ ਏਕੇ ਸਦਕਾ ਨਿਪਟਿਆ ਜਾ ਸਕਦਾ ਹੈ। ਸਰਬ-ਸ਼ਕਤੀਮਾਨ ਈਸ਼ਵਰ ਸਾਨੂੰ ਆਫਤ ਨਾਲ ਜੂਝਣ ਦਾ ਸਬਰ ਅਤੇ ਸੁਧਾਰ ਲਈ ਤਹੱਈਆ ਕਰਨ ਦੀ ਸ਼ਕਤੀ ਦੇਵੇ। ਨਾਲ ਅਸੀਂ ਇਹ ਨਾ ਭੁੱਲੀਏ ਕਿ ਬੁਰੇ ਵਕਤ ਦੀ ਚੰਗੀ ਗੱਲ ਇਹੀ ਹੈ ਕਿ ਉਹ ਵੀ ਗੁਜ਼ਰ ਜਾਂਦਾ ਹੈ।



## ਪਾਰਲੀਮੈਂਟ ਮੈਂਬਰ ਔਜਲਾ ਨੇ ਪਾਕਿ ਤੋਂ ਆਕਸੀਜਨ ਲੈਣ ਲਈ ਮੋਦੀ ਨੂੰ ਚਿੱਠੀ ਲਿਖੀ

ਅੰਮ੍ਰਿਤਸਰ, 27 ਅਪ੍ਰੈਲ (ਪੋਸਟ ਬਿਊਰੋ)- ਇਸ ਹਲਕੇ ਦੇ ਮੈਂਬਰ ਪਾਰਲੀਮੈਂਟ ਗੁਰਜੀਤ ਸਿੰਘ ਔਜਲਾ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਇੱਕ ਪੱਤਰ ਲਿਖ ਕੇ ਮਹਾਂਮਾਰੀ ਨਾਲ ਨਜਿੱਠਣ ਲਈ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਅਤੇ ਈਦੀ ਫਾਊਂਡੇਸ਼ਨ ਵੱਲੋਂ ਭਾਰਤ ਨੂੰ ਆਕਸੀਜਨ ਦੇਣ ਦੀ ਪੇਸ਼ਕਸ ਮਨਜੂਰ ਕਰਨ ਦੀ ਅਪੀਲ ਕੀਤੀ ਹੈ।

ਇਸ ਸੰਬੰਧ ਵਿੱਚ ਗੁਰਜੀਤ ਸਿੰਘ ਔਜਲਾ ਨੇ ਕਿਹਾ ਕਿ ਜੇ ਦੋਵੇਂ ਦੇਸ਼ ਗੁਰਧਾਮਾਂ ਦੇ ਲਈ ਆਪਣੀਆਂ ਸਰਹੱਦਾਂ ਖੋਲ੍ਹ ਸਕਦੇ ਹਨ ਤਾਂ ਲੋਕਾਂ ਦੀਆਂ ਕੀਮਤੀ ਜਾਨਾਂ ਬਚਾਉਣ ਲਈ ਪਾਕਿ-ਸਤਾਨ ਤੋਂ ਆਕਸੀਜਨ ਲੈਣ ਵਿੱਚ ਵੀ ਦਿੱਕਤ ਨਹੀਂ ਹੋਣੀ ਚਾਹੀਦੀ। ਉਨ੍ਹਾ ਕਿਹਾ ਕਿ ਦੇਸ਼ ਦੀ ਸਰਕਾਰ ਕੋਰੋਨਾ ਦੀ ਮਹਾਂਮਾਰੀ ਨਾਲ ਨਜਿੱਠਣ ਲਈ ਸਿਰ ਤੋੜ ਯਤਨ ਕਰ ਰਹੀ ਹੈ ਅਤੇ ਦੇਸ਼ ਵਿੱਚ ਆਕਸੀਜਨ ਦੇ ਭੰਡਾਰ ਵੀ ਕਾਫੀ ਹਨ, ਪਰ ਟਰਾਂਸਪੋਰਟਸ਼ੇਨ ਦੀ ਸਹੂਲਤ ਵਿੱਚ ਘਾਟਾਂ ਕਾਰਨ ਦੂਰ ਦੁਰਾਡੇ ਆਕਸੀਜਨ ਪਹੁੰਚਾਉਣਾ ਮੁਸ਼ਕਲ ਹੋ ਰਿਹਾ ਹੈ।ਪੰਜਾਬ ਦਾ ਸਭ ਤੋਂ ਨੇੜਲਾ ਆਕਸੀਜਨ ਪਲਾਂਟ ਪਾਣੀਪਤ ਵਿੱਚ ਹੈ, ਜੋ ਅੰਮ੍ਰਿਤਸਰ ਤੋਂ 350 ਕਿਲੋਮੀਟਰ ਪੈਂਦਾ ਹੈ, ਜਦ ਕਿ ਲਾਹੌਰ ਤੋਂ ਸਿਰਫ਼ 50 ਕਿਲੋਮੀਟਰ ਦੂਰ ਤੋਂ ਆਕਸੀਜਨ ਮਿਲ ਸਕਦੀ ਹੈ। ਪੰਜਾਬ ਸਰਕਾਰ ਆਪਣੇ ਪੱਧਰ ਉੱਤੇ ਆਕਸੀਜਨ ਦੇ ਪ੍ਰਬੰਧ ਕਰਦੀ ਪਈ ਹੈ ਪਰ ਕਿਉਂਕਿ ਐਮਰਜੰਸੀ ਹਾਲਾਤ ਵਿੱਚ ਦੋਵਾਂ ਦੇਸ਼ਾਂ ਦੀਆਂ ਸਰਕਾਰਾਂ ਨੇ ਫੈਸਲਾ ਲੈਣਾ ਹੈ, ਇਸ ਲਈ ਉਨ੍ਹਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਲਿਖਕੇ ਇਸ ਬਾਰੇ ਧਿਆਨ ਦੇਣ ਦੀ ਲੋੜ ਉੱਤੇ ਜੋਰ ਦਿੱਤਾ ਅਤੇ ਪੱਤਰ ਦੀ ਕਾਪੀ ਕੇਂਦਰੀ ਸਿਹਤ ਮੰਤਰੀ ਹਰਸ਼ਵਰਧਨ ਤੇ ਕੇਂਦਰੀ ਵਿਦੇਸ਼ ਮੰਤਰੀ ਐਸ ਜੈਸ਼ੰਕਰ ਨੂੰ ਭੇਜ ਕੇ ਦੋਵਾਂ ਮੰਤਰੀਆਂ ਨੂੰ ਆਪੋ-ਆਪਣੇ ਪੱਧਰ ਉੱਤੇ ਇਹ ਮਸਲਾ ਹੱਲ ਕਰਨ ਲਈ ਅਪੀਲ ਕੀਤੀ ਹੈ।

ਆਕਸੀਜਨ ਦੀ ਕਮੀ ਦਾ ਮਾਮਲਾ :

## ਅੰਮ੍ਰਿਤਸਰ ਸਰਕਾਰੀ ਹਸਪਤਾਲ ਦਾ ਆਕਸੀਜਨ ਟੈਂਕਰ ਪਾਣੀਪਤ ਦੇ ਲੋਕਾਂ ਨੇ ਰੋਕਿਆ

ਅੰਮ੍ਰਿਤਸਰ, 27 ਅਪ੍ਰੈਲ (ਪੋਸਟ ਬਿਊਰੋ)- ਆਕਸੀਜਨ ਨਾ ਮਿਲਣ ਕਾਰਨ ਸਾਰੇ ਭਾਰਤ ਵਿੱਚ ਲਗਾਤਾਰ ਮਰੀਜ਼ਾਂ ਦੀ ਮੌਤ ਹੋਣ ਦੀਆਂ ਖ਼ਬਰਾਂ ਕਾਰਨ ਝਗੜਿਆਂ ਦੀ ਨੌਬਤ ਆਉਣ ਲੱਗ ਪਈ ਹੈ।



ਕੱਲ੍ਹ ਹਰਿਆਣਾ ਦੇ ਪਾਣੀਪਤ ਤੋਂ ਅੰਮ੍ਰਿਤਸਰ ਲਈ ਆ ਰਹੇ ਤਰਲ ਆਕਸੀਜਨ ਦੇ ਟੈਂਕਰ ਨੂੰ ਉਥੇ ਸਥਾਨਕ ਲੋਕਾਂ ਨੇ ਰੋਕ ਲਿਆ। ਜੇ ਉਕਤ ਟੈਂਕਰ ਸਮੇਂ ਸਿਰ ਅੰਮ੍ਰਿਤਸਰ ਨਾ ਪਹੁੰਚਦਾ ਤਾਂ ਵੱਡੀ ਸਮੱਸਿਆ ਖੜ੍ਹੀ ਹੋ ਸਕਦੀ ਸੀ। ਅੰਮ੍ਰਿਤਸਰ ਜ਼ਿਲ੍ਹਾ ਪ੍ਰਸ਼ਾਸਨ ਨੇ ਹਰਿਆਣਾ ਪੁਲਸ ਨਾਲ ਸੰਪਰਕ ਕਰ ਕੇ ਟੈਂਕਰ ਨੂੰ ਲੋਕਾਂ ਤੋਂ ਜਲਦੀ ਛੁਡਵਾਉਣ ਲਈਅਪੀਲ ਕੀਤੀ। ਪਤਾ ਲੱਗਾ ਹੈ ਕਿ ਹਰਿਆਣਾ ਦੇ ਪਾਣੀਪਤ ਤੋਂ ਅੰਮ੍ਰਿਤਸਰ ਲਈ ਭੇਜਿਆ ਲੀਕੁਇਡ ਆਕਸੀਜਨ ਦਾ ਟੈਂਕਰ ਸਥਾਨਕ ਲੋਕਾਂ ਨੇ ਇਹ ਕਹਿ ਕੇ ਰੋਕ ਲਿਆ ਕਿ ਏਥੇ ਆਕਸੀਜਨ ਦੀ ਕਮੀ ਹੈ, ਆਕਸੀਜਨ ਇਸ ਰਾਜ ਤੋਂ ਬਾਹਰ ਨਹੀਂ ਜਾਣ ਦੇਣੀ। ਇਸ ਦੀ ਜਾਣਕਾਰੀ ਮਿਲਣ ਉੱਤੇ ਅੰਮ੍ਰਿਤਸਰ ਪ੍ਰਸ਼ਾਸਨ ਨੇ ਹਰਿਆਣਾ ਪੁਲਸ ਨੂੰ ਦੱਸਿਆ। ਇਹ ਟੈਂਕਰ ਅੰਮ੍ਰਿਤਸਰ ਦੇ ਸਰਕਾਰੀ ਖੇਤਰ ਦੇ ਗੁਰੂ ਨਾਨਕ ਦੇਵ ਹਸਪਤਾਲ ਵਿੱਚ ਆਕਸੀਜਨ ਸੰਕਟ ਦੂਰ ਕਰਨ ਲਈ ਪਾਨੀਪਤ ਵਿੱਚੋਂ ਇੰਡੀਅਨ ਆਇਲ ਤੋਂ ਮੰਗਵਾਏ ਜਾ ਰਹੇ ਹਨ। ਕੱਲ੍ਹ ਇੰਡੀਅਨ ਆਇਲ ਨੇ ਅੰਮ੍ਰਿਤਸਰ ਲਈ ਇੱਕ ਟੈਂਕਰ ਰਵਾਨਾ ਕੀਤਾ ਤੇ ਪਾਣੀਪਤ ਵਿੱਚ ਕੁਝ ਲੋਕਾਂ ਨੇ ਰੋਕ ਲਿਆ। ਉਂਜ ਇਸ ਸਥਿਤੀ ਦੇ ਟਾਕਰੇ ਲਈ ਰਾਜ ਸਰਕਾਰ ਦੇ ਦਖਲ ਉੱਤੇ ਮੋਹਾਲੀ ਤੋਂ ਇੱਕ ਆਕਸੀਜਨ ਟੈਂਕਰ ਇੱਥੇ ਪਹੁੰਚ ਗਿਆਅਤੇ ਕੰਮ ਚਲਾਉਣ ਲਈ ਇਸ ਨੂੰ ਲਿਕਵਿਡ ਆਕਸੀਜਨ ਪਲਾਂਟ ਵਿੱਚ ਭਰਿਆ ਜਾਣ ਲੱਗ ਪਿਆ ਸੀ।

## ਕੋਟਕਪੂਰਾ ਮਾਮਲੇ ਵਿਚ ਹਾਈਕੋਰਟ ਦੇ ਫ਼ੈਸਲੇ ਨੂੰ ਸੁਪਰੀਮ ਕੋਰਟ ਵਿੱਚ ਚੁਣੌਤੀ ਦੇਣ ਤੇ ਨਵੀਂ ਐਸ ਆਈ ਟੀ ਬਣਾਉਣ ਦਾ ਫੈਸਲਾ

ਚੰਡੀਗੜ੍ਹ, 27 ਅਪ੍ਰੈਲ (ਪੋਸਟ ਬਿਊਰੋ)- ਪੰਜਾਬ ਮੰਤਰੀ ਮੰਡਲ ਦੀ ਕੱਲ੍ਹ ਦੀ ਮੀਟਿੰਗ ਦੇ ਦੌਰਾਨ ਸਰਕਾਰੀ ਏਜੰਡੇ ਤੋਂ ਬਾਅਦ ਕੋਟਕਪੂਰਾ ਕੇਸ ਬਾਰੇ ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਫ਼ੈਸਲੇ ਅਤੇ ਕੋਰੋਨਾ ਕਾਰਨ ਪੰਜਾਬ ਵਿੱਚ ਪੈਦਾ ਹੋਈ ਸਥਿਤੀ ਅਤੇ ਕਣਕ ਦੀ ਖ਼ਰੀਦ ਪ੍ਰਕਿਰਿਆ ਉੱਤੇ ਵਿਸਥਾਰਨਾਲ ਵਿਚਾਰ ਕੀਤੀ ਗਈ।

ਇਸ ਦੇ ਬਾਅਦ ਮੰਤਰੀ ਮੰਡਲ ਨੇਇੱਕ ਮਤਾ ਪਾਸ ਕਰਕੇ ਕੋਟਕਪੂਰਾ ਕੇਸ ਵਿੱਚ ਹਾਈਕੋਰਟ ਦੇ ਫ਼ੈਸਲੇ ਨੂੰ ਸੁਪਰੀਮ ਕੋਰਟ ਵਿੱਚ ਚੁਣੌਤੀ ਦੇਣ ਦਾ ਫ਼ੈਸਲਾ ਲਿਆ। ਇਸ ਮਤੇ ਵਿੱਚ ਕਿਹਾ ਗਿਆ ਕਿ ਮੰਤਰੀ ਮੰਡਲ ਬੇਅਦਬੀਆਂ ਦੇ ਦੋਸ਼ੀਆਂ ਅਤੇ ਬਾਅਦ ਵਿੱਚ ਪੁਲਸ ਗੋਲੀ ਦੀ ਘਟਨਾ ਦੇ ਦੋਸ਼ੀਆਂ ਨੂੰ ਸਾਹ-ਮਣੇ ਲਿਆਉਣ ਲਈ ਵਚਨਬੱਧ ਹੈ ਅਤੇ ਇਸਕੇਸ ਵਿੱਚ ਬਿਨਾਂ ਹੋਰ ਦੇਰੀ ਕੋਟਕਪੂਰਾ ਅਤੇ ਬਹਿਬਲ ਕਲਾਂ ਘਟਨਾਵਾਂ ਦੀ ਜਾਂਚ ਲਈ ਨਵੀਂ ਵਿਸ਼ੇਸ਼ ਜਾਂਚ ਟੀਮ ਦੇ ਗਠਨ ਦਾ ਫ਼ੈਸਲਾ ਲੈਣ ਤੋਂ ਬਿਨਾ ਹਾਈਕੋਰਟ ਦੇ ਫ਼ੈਸਲੇ ਨੂੰ ਸੁਪਰੀਮ ਕੋਰਟ ਵਿੱਚ ਚੁਣੌਤੀ ਦਿੱਤੀ ਜਾਵੇਗੀ। ਇਸ ਕੇਸ ਵਿੱਚ ਕਾਨੂੰਨੀ ਮਾਹਿਰਾਂ ਨੇ ਦੱਸਿਆ ਕਿ ਅਦਾਲਤ ਨੇ ਕੁਝ ਇੱਕ ਗੱਲਾਂ ਫ਼ੈਸਲੇ ਵਿੱਚ ਅਜਿਹੀਆਂ ਕੀਤੀਆਂ ਹਨ, ਜੋ ਅਦਾਲਤ ਦੇ ਅਧਿਕਾਰ ਖੇਤਰ ਵਿੱਚ ਨਹੀਂ ਸਨ। ਕੋਵਿਡ ਦੀਆਂ ਹਦਾਇਤਾਂ ਦੀ ਪਾਲਣਾਲਈ ਪੰਜਾਬ ਭਵਨ ਦੇ ਖੁੱਲ੍ਹੇ ਲਾਅਨ ਵਿੱਚਕੀਤੀ ਗਈ ਮੀਟਿੰਗ ਵਿੱਚ ਕੁਝ ਕਾਨੂੰਨੀ ਤੇ ਸਿਆਸੀ ਨੁਕਤਿਆਂ ਉੱਤੇ ਵਿਚਾਰ ਲਈ ਦੋ ਸਾਬਕਾ ਜੱਜਾਂ ਜਸਟਿਸ ਰਣਜੀਤ ਸਿੰਘ ਤੇ ਜਸਟਿਸ ਮਹਿਤਾਬ ਸਿੰਘ ਤੋਂ ਇਲਾਵਾ ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ



ਅਤੇ ਪੰਜਾਬ ਦੇ ਐਡਵੋਕੇਟ ਜਨਰਲ ਅਤੁੱਲ ਨੰਦਾ ਵੀ ਹਾਜ਼ਰ ਸਨ।

ਕੋਵਿਡ ਕਾਰਨ ਪੈਦਾ ਹੋਈ ਸਥਿਤੀ ਨਾਲ ਨਜਿੱਠਣ ਲਈ ਮੰਤਰੀ ਮੰਡਲ ਨੇ ਪਟਿਆਲਾ ਦੇ ਰਜਿੰਦਰਾ ਹਸਪਤਾਲ ਤੇ ਅੰਮ੍ਰਿਤਸਰ ਦੇ ਗੁਰੂ ਨਾਨਕ ਦੇਵ ਹਸਪਤਾਲ ਵਿਖੇ ਸਟਾਫ਼ ਨਰਸਾਂ ਦੀਆਂ 473 ਅਸਾਮੀਆਂ ਭਰਨ ਦੀ ਇਜਾਜ਼ਤ ਦੇ ਦਿੱਤੀ ਹੈ, ਜੋ ਬਾਬਾ ਫ਼ਰੀਦ ਯੂਨੀਵਰਸਿਟੀ ਫ਼ਰੀਦਕੋਟ ਰਾਹੀਂ ਮੈਰਿਟ ਉੱਤੇ ਲਿਖਤੀ ਟੈਸਟਨਾਲ ਭਰੀਆਂ ਜਾਣਗੀਆਂ। ਇਨ੍ਹਾਂ ਨਰਸਾਂ ਨੂੰ 29,200 ਰੁਪਏ ਮਹੀਨਾ ਤਨਖ਼ਾਹ ਮਿਲੇਗੀ। ਮੰਤਰੀ ਮੰਡਲ ਵੱਲੋਂ 2.15 ਲੱਖ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਮੁਫ਼ਤ ਸਮਾਰਟ ਫ਼ੋਨ ਦੇਣ ਦੀ ਸਕੀਮ ਨੂੰ ਵੀ ਪ੍ਰਵਾਨਗੀ ਦੇ ਦਿੱਤੀ ਹੈ। ਇਨ੍ਹਾਂ ਦੀ ਵੰਡ ਚਾਲੂ ਵਿੱਤੀ ਸਾਲ ਦੌਰਾਨ ਕੀਤੀ ਜਾਣੀ ਹੈ। ਮੰਤਰੀ ਮੰਡਲ ਵੱਲੋਂ ਅੰਮ੍ਰਿਤਸਰ, ਜਲੰਧਰ ਤੇ ਲੁਧਿਆਣੇ ਦੇ ਸਰਕਟ ਹਾਊਸਾਂ ਨੂੰ ਨਿੱਜੀ ਜਨਤਕ ਭਾਈਵਾਲੀ ਰਾਹੀਂ ਚਲਾਉਣ, ਨਵੀਨੀਕਰਨ ਕਰਨ ਅਤੇ ਸੰਭਾਲ ਲਈ ਵੀ ਪ੍ਰਵਾਨਗੀ ਦੇ ਦਿੱਤੀ ਹੈ। ਵਰਨਣਯੋਗ ਹੈ ਕਿ ਰਾਜ ਸਰਕਾਰ ਵੱਲੋਂ ਪਹਿਲਾਂ ਕੋਈ 10 ਸਰਕਟ ਹਾਊਸ ਸਿੱਧੇ ਤੌਰ ਉੱਤੇ ਸਰਕਾਰ ਰਾਹੀਂ ਚਲਾਏ ਜਾਂਦੇ ਹਨ, ਲੇਕਿਨ ਮਹਿਸੂਸ ਕੀਤਾ ਗਿਆ ਹੈ ਕਿ ਇਨ੍ਹਾਂ ਦਾ ਮਿਆਰ ਲਗਾਤਾਰ ਡਿੱਗ ਰਿਹਾ ਹੈ।

## ਕੋਆਪ੍ਰੇਟਿਵ ਸੁਸਾਇਟੀ ਦੇ ਸੈਕਟਰੀ ਵੱਲੋਂ ਲੱਖਾਂ ਦਾ ਗਬਨ

ਸ਼ਾਹਕੋਟ, 27 ਅਪ੍ਰੈਲ (ਪੋਸਟ ਬਿਊਰੋ)- ਏਥੋਂ ਨੇੜਲੇ ਪਿੰਡ ਕਿਲੀ ਦੀ ਕੋਆਪ੍ਰੇਟਿਵ ਐਗਰੀਕਲਚਰ ਸੁਸਾਈਟੀ ਦੇ ਸੈਕਟਰੀ ਨੇ ਸੁਸਾਈਟੀ ਵਿੱਚ ਲੱਖਾਂ ਰੁਪਏ ਦਾ ਗਬਨ ਕਰ ਲਿਆ ਹੈ, ਜਿਸ ਦੀ ਜਾਂਚ ਪਿੱਛੋਂ ਸ਼ਾਹਕੋਟ ਥਾਣਾ ਪੁਲਸ ਨੇ ਸੈਕਟਰੀਤਰਲੋਕ ਮਸੀਹ ਦੇ ਖ਼ਿਲਾਫ਼ ਧੋਖਾਧੜੀ ਦਾ ਮਾਮਲਾ ਦਰਜ ਕਰ ਲਿਆ ਹੈ।

ਐਸ ਐਚ ਓ ਸ਼ਾਹਕੋਟ ਸੁਰਿੰਦਰ ਕੁਮਾਰ ਕੰਬੋਜ ਨੇ ਦੱਸਿਆ ਹੈ ਕਿ ਕੋਆਪਰੇਟਿਵ ਸੋਸਾਈਟੀ ਕੰਗ ਖੁਰਦ, ਤਹਿਸੀਲ ਸ਼ਾਹਕੋਟ ਦੇ ਇੰਸਪੈਕਟਰ ਕਰਮਜੀਤ ਸਿੰਘ ਨੇ ਰਿਪੋਰਟਦਿੱਤੀ ਹੈ ਕਿ ਕੋਆਪ੍ਰੇਟਿਵ ਐਗਰੀਕਲਚਰ ਮਲਟੀਪਰਪਜ ਸੁਸਾਈਟੀ ਪਿੰਡ ਕਿਲੀ ਦੇ ਸੈਕਟਰੀ ਤਰਲੋਕ ਮਸੀਹ ਨੇ 19 ਲੱਖ 89 ਹਜ਼ਾਰ 441 ਰੁਪਏ ਦੀ ਖ਼ਾਦ ਤੇ 5 ਲੱਖ 12 ਹਜ਼ਾਰ 900 ਰੁਪਏ ਦੀਆਂ ਜ਼ਰੂਰੀ ਵਸਤਾਂ ਦਾ ਸਟਾਕ ਗਾਇਬ ਕਰ ਦਿੱਤਾ ਹੈ। ਇਸ ਸਬੰਧੀ ਜਦ ਤਰਲੋਕ ਮਸੀਹ ਤੋਂ ਪੁੱਛਿਆ ਜਾਂਦਾ ਹੈ ਤਾਂ ਉਹ ਕੋਈ ਸਪੱਸ਼ਟ ਜਵਾਬ ਨਹੀਂ ਦਿੰਦਾ ਤੇ ਟਾਲ ਮਟੋਲ ਕਰਦਾ ਹੈ, ਜਿਸ ਤੋਂ ਸਾਬਤ ਹੁੰਦਾ ਹੈ ਕਿ ਉਸ ਨੇ 25 ਲੱਖ 2 ਹਜ਼ਾਰ 34 ਰੁਪਏ ਦੇ ਕੈਸ਼ ਕਰੈਡਿਟ ਖਾਦ ਦਾ ਗਬਨ ਕੀਤਾ ਹੈ। ਕਰਮਜੀਤ ਸਿੰਘ



ਇੰਸਪੈਕਟਰਦੀ ਰਿਪੋਰਟ ਮੁਤਾਬਕ ਸੈਕਟਰੀ ਵੱਲੋਂ ਸੁਸਾਈਟੀ ਵਿੱਚੋਂ 764 ਬੈਗ ਡੀ ਏ ਪੀ ਖਾਦ, ਜਿਸ ਦੀ ਕੀਮਤ 9 ਲੱਖ 16 ਹਜ਼ਾਰ 800 ਰੁਪਏ, ਯੂਰੀਆ ਖਾਦ ਦੇ 1101 ਬੈਗ 2 ਲੱਖ 94 ਹਜ਼ਾਰ 462 ਰੁਪਏ, ਐਗਰੋ ਕੈਮੀਕਲ ਦੇ ਸਟਾਕ ਵਿੱਚੋਂ 3 ਲੱਖ 60 ਹਜ਼ਾਰ 161 ਰੁਪਏ ਅਤੇ ਈ ਸੀ ਦੇ ਸਟਾਕ ਵਿੱਚੋਂ 5 ਲੱਖ 10 ਹਜ਼ਾਰ 518 ਰੁਪਏ ਗਬਨ ਦਾ ਪਤਾ ਲੱਗਾ ਹੈ। ਇਸ ਤੋਂ ਇਲਾਵਾ ਸੈਕਟਰੀ ਨੇ ਸੁਸਾਈਟੀ ਦੇ ਮੈਂਬਰ ਗੁਰਦੀਪ ਸਿੰਘ ਪੁੱਤਰ ਹਜ਼ਾਰਾ ਸਿੰਘ ਕੋਲੋਂ ਰਿਕਵਰੀ ਦੇ 2 ਲੱਖ 31 ਹਜ਼ਾਰ 360 ਰੁਪਏ, ਮਹਿੰਦਰ ਸਿੰਘ ਪੁੱਤਰ ਬਹਾਦਰ ਸਿੰਘ ਕੋਲੋਂ 3 ਲੱਖ 13 ਹਜ਼ਾਰ 150 ਰੁਪਏ, ਚਰਨ ਸਿੰਘ ਪੁੱਤਰ ਸ਼ੇਰ ਸਿੰਘ ਕੋਲੋਂ 1 ਲੱਖ 33 ਹਜ਼ਾਰ 424 ਰੁਪਏ, ਬਲਵੀਰ ਸਿੰਘ ਪੁੱਤਰ ਅਰਜੁਨ ਸਿੰਘ ਤੋਂ 2 ਲੱਖ 15 ਹਜ਼ਾਰ 140 ਰੁਪਏ, ਹਜੂਰਾ ਸਿੰਘ ਪੁੱਤਰ ਭਾਗ ਸਿੰਘ ਤੋਂ 1 ਲੱਖ 92 ਹਜ਼ਾਰ 58 ਰੁਪਏ, ਮਹਿੰਦਰ ਸਿੰਘ ਪੁੱਤਰ ਠਾਕੁਰ ਸਿੰਘ ਕੋਲੋਂ 1 ਲੱਖ 6 ਹਜ਼ਾਰ 370 ਰੁਪਏ, ਜਰਨੈਲ ਸਿੰਘ ਪੁੱਤਰ ਗੁਰਦੀਪ ਸਿੰਘ ਤੋਂ 33 ਹਜ਼ਾਰ 60 ਰੁਪਏ ਤੇ ਸਵਰਨ ਸਿੰਘ ਪੁੱਤਰ ਜੋਗਿੰਦਰ ਸਿੰਘ ਕੋਲੋਂ 1 ਲੱਖ 9 ਹਜ਼ਾਰ 560 ਰੁਪਏ ਲੈ ਕੇ ਰਸੀਦ ਦਿੱਤੀ, ਪਰ ਇਹ ਰਕਮ ਬੈਂਕ ਵਿੱਚ ਜਮ੍ਹਾਂ ਨਹੀਂ ਕਰਵਾਈ ਤੇ ਕੁੱਲ ਰਕਮ 13 ਲੱਖ 34 ਹਜ਼ਾਰ 122 ਰੁਪਏ ਬਣਦੀ ਹੈ। ਸ਼ਾਹਕੋਟ ਪੁਲਸ ਨੇ ਸੈਕਟਰੀ ਤਰਲੋਕ ਮਸੀਹ ਖ਼ਿਲਾਫ਼ ਮੁਕੱਦਮਾ ਦਰਜ ਕਰ ਲਿਆ ਹੈ।

Steinmetz & Associates
PERSONAL INJURY LAWYERS



Harry Steinmetz
Certified as Specialist
by the Law Society of
Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
GURSHARAN BOBBY SIDHU
647.539.3020

You only pay upon settlement

1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto

email: bsidhu@steinmetzlawyers.ca website: www.steinmetzlawyers.ca

ਕਰੋੜਾਂ ਦੇ ਭ੍ਰਿਸ਼ਟਾਚਾਰ ਦਾ ਮਾਮਲਾ :

## ਈ ਡੀ ਨੇ ਗਮਾਡਾ ਦੇ ਸਾਬਕਾ ਚੀਫ਼ ਇੰਜਨੀਅਰ ਉੱਤੇ ਮਨੀ ਲਾਂਡਰਿੰਗ ਦਾ ਕੇਸ ਦਰਜ ਕੀਤਾ

ਜਲੰਧਰ, 27 ਅਪ੍ਰੈਲ (ਪੋਸਟ ਬਿਊਰੋ)- ਐਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਨੇ ਕੱਲ੍ਹ ਗ੍ਰੇਟਰ ਮੋਹਾਲੀ ਏਰੀਆ ਡਿਵੈਲਪਮੈਂਟ ਅਥਾਰਟੀ (ਗਮਾਡਾ) ਦੇ ਸਾਬਕਾ ਚੀਫ਼ ਇੰਜੀਨੀਅਰ ਸੁਰਿੰਦਰਪਾਲ ਸਿੰਘ ਉਰਫ਼ ਪਹਿ-ਲਵਾਨ ਤੇ ਹੋਰਨਾਂ ਖ਼ਿਲਾਫ਼ ਕਰੋੜਾਂ ਦੇ ਭ੍ਰਿਸ਼ਟਾਚਾਰ ਮਾਮਲੇ ਵਿੱਚ ਮਨੀ ਲਾਂਡਰਿੰਗ ਦਾ ਕੇਸ ਦਰਜ ਕੀਤਾ ਹੈ।



ਪਤਾ ਲੱਗਾ ਹੈ ਕਿ ਇਸ ਕੇਸ ਵਿੱਚ ਈ ਡੀ ਨੇ ਪਹਿਲਵਾਨ ਦੇ ਨਾਲਦੋਸ਼ੀ ਵਜੋਂ ਗੁਰਿੰਦਰਪਾਲ ਸਿੰਘ, ਅਮਿਤ ਗਰਗ, ਗੁਰਮੇਸ਼ ਸਿੰਘ ਗਿੱਲ ਅਤੇ ਮੋਹਿਤ ਕੁਮਾਰ ਅਤੇ ਦੋ ਫਰਮਾਂ ਓਂਕਾਰ ਬਿਲਡਰਜ਼ ਐਂਡ ਕਾਂਟਰੈਕਟਰਜ਼ ਅਤੇ ਰਾਜਿੰ-ਦਰ ਐਂਡ ਕੰਪਨੀ ਦਾ ਨਾਂ ਵੀ ਰੱਖਿਆ ਹੈ। ਏਜੰਸੀ ਨੇ ਵਿਜੀਲੈਂਸ ਬਿਊਰੋ ਪੰਜਾਬ ਵੱਲੋਂ ਦਿੱਤੇ ਵੇਰਵੇ ਮੁਤਾਬਕ ਜਲੰਧਰ ਵਾਲੇ ਜ਼ੋਨਲ ਦਫ਼ਤਰ ਵਿਖੇ ਪ੍ਰੀਵੈਂਸ਼ਨ ਆਫ ਮਨੀ ਲਾਂਡਰਿੰਗ ਐਕਟ ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਈ ਸੀ ਆਈ ਆਰ (ਐਨਫੋਰਸਮੈਂਟ ਕੇਸ ਇਨਫਾਰਮੇਸ਼ਨ ਰਿਪੋਰਟ) ਦਰਜ ਕੀਤੀ ਹੈ।ਅਗਸਤ 2017 ਵਿੱਚ ਕੇਂਦਰੀ ਏਜੰਸੀ ਨਾਲ ਵਿਜੀਲੈਂਸ ਬਿਊਰੋ ਵੱਲੋਂ ਦਸਤਾਵੇਜ਼ ਸਾਂਝੇ ਕਰਨ ਤੋਂ ਚਾਰ ਸਾਲ ਬਾਅਦ ਈ ਡੀ ਨੇ ਕੇਸ ਦਰਜ ਕੀਤਾ ਹੈ। ਸੂਤਰਾਂ ਮੁਤਾਬਕ ਵਿਜੀਲੈਂਸ ਵੱਲੋਂ 2017 ਵਿੱਚ ਸਾਂਝੇ ਕੀਤੇ ਦਸਤਾਵੇਜ਼ ਮਨੀ ਲਾਂਡਰਿੰਗ ਦਾ ਕੇਸ ਦਰਜ ਕਰਨ ਲਈ ਕਾਫ਼ੀ ਹਨ। ਇਸ ਤੋਂ ਬਾਅਦ ਈ ਡੀ ਨੇ 2017 ਅਤੇ 2018 ਵਿੱਚ ਇਸ ਕੇਸ ਵਿੱਚ ਹੋਰ ਵੇਰਵਾ ਮੰਗਿਆ ਸੀ। ਵਿਜੀਲੈਂਸ ਨੇ ਸੂਬਾਈ ਏਜੰਸੀ ਨੂੰ ਜਨਵਰੀ 2019 ਵਿੱਚ ਲਿਖੀ ਚਿੱਠੀ ਦੇ ਜਵਾਬ ਦੇ ਲੱਗਭਗ ਡੇਢ ਸਾਲ ਬਾਅਦ ਜੁਲਾਈ 2020 ਵਿੱਚ ਕੇਂਦਰੀ ਏਜੰਸੀ ਨਾਲ ਇੱਕ ਚਾਰਜਸ਼ੀਟ ਅਤੇ ਹੋਰ ਕੁਝ ਮਾਮਲਿਆਂ ਦੇ ਦਸਤਾਵੇਜ਼ ਸਾਂਝੇ ਕੀਤੇ ਸਨ।

## ਪੰਜਾਬ ਦੇ ਭਾਜਪਾ ਅਤੇ ਆਰ ਐਸ ਐਸ ਆਗੂਆਂ ਦੀ ਸੁਰੱਖਿਆ ਵਿੱਚ ਵਾਧੇ ਦਾ ਫੈਸਲਾ

ਚੰਡੀਗੜ੍ਹ, 27 ਅਪ੍ਰੈਲ (ਪੋਸਟ ਬਿਊਰੋ)- ਕੇਂਦਰੀ ਗ੍ਰਹਿ ਮੰਤਰਾਲੇ ਨੇ ਪੰਜਾਬ ਵਿੱਚ ਭਾਜਪਾ ਅਤੇ ਆਰ ਐਸ ਐਸ ਦੇ ਸੱਤ ਸੀਨੀਅਰ ਆਗੂਆਂ ਨੂੰ ਸੁਰੱਖਿਆ ਦੇਣ ਦੇ ਹੁਕਮ ਜਾਰੀ ਕੀਤੇ ਹਨ।

ਇਸ ਬਾਰੇ ਕੇਂਦਰੀ ਗ੍ਰਹਿ ਮੰਤਰਾਲੇ ਨੇ ਚੀਫ ਸੈਕਟਰੀ ਪੰਜਾਬ ਨੂੰ ਗੁਪਤ ਪੱਤਰ ਭੇਜ ਕੇ ਕਿਹਾ ਹੈ ਕਿ ਪੰਜਾਬ ਦੇ ਭਾਜਪਾ ਅਤੇ ਆਰ ਐਸ ਐਸ ਆਗੂਆਂ ਦੀ ਸੁਰੱਖਿਆ ਨੂੰ ਕੇਂਦਰੀ ਸੁਰੱਖਿਆ ਏਜੰਸੀ ਨਾਲ ਵਿਚਾਰਨ ਮਗਰੋਂ ਇਨ੍ਹਾਂ ਨੂੰ ਢੁੱਕਵੀਂ ਸੁਰੱਖਿਆ ਦੇਣ ਬਾਰੇ ਫੈਸਲਾ ਹੋਇਆ ਹੈ। ਗ੍ਰਹਿ ਮੰਤਰਾਲੇ ਨੇਪੰਜਾਬ ਦੇ ਵੱਖ-ਵੱਖ ਸੈਕਟਰੀਆਂ ਨੂੰ ਬੀਤੀ 22 ਅਪ੍ਰੈਲ ਨੂੰ ਲਿਖੇ ਪੱਤਰ ਵਿੱਚ ਦੱਸਿਆ ਕਿ ਆਰ ਐਸ ਐਸ ਪੰਜਾਬ ਦੇ ਪ੍ਰਧਾਨ ਇਕਬਾਲ ਸਿੰਘ ਆਹਲੂਵਾਲੀਆ ਇਸ ਵਕਤ ਵਿਦੇਸ਼ਾਂ ਵਿਚਲੇ ਖਾਲਿਸਤਾਨੀਆਂ ਦੀ ਹਿੱਟ ਲਿਸਟ ਉੱਤੇ ਹਨ ਤੇ ਪੰਜਾਬ ਭਾਜਪਾ ਦੇ ਸੀਨੀਅਰ ਵਾਈਸ ਪ੍ਰਧਾਨ ਹਰਜੀਤ ਸਿੰਘ ਗਰੇਵਾਲ ਵੀ ਇਨ੍ਹਾਂ ਵਿਰੁੱਧ ਬੋਲਦੇ ਅਤੇ ਸਿੱਖ ਰੈਡਰੈਂਡਮ 2020 ਦਾ ਵਿਰੋਧ ਕਰਦੇ ਰਹੇ ਹਨ। ਪੱਤਰ ਅਨੁਸਾਰ ਭਾਜਪਾ ਦੇ ਕੌਮੀ ਬੁਲਾਰੇ ਇਕਬਾਲ ਸਿੰਘ ਲਾਲਪੁਰਾ ਨੂੰ ਵੀ ਸੁਰੱਖਿਆ ਦੇਣ ਨੂੰ ਕਿਹਾ ਗਿਆ ਹੈ। ਪੱਤਰ ਵਿੱਚ ਕਿਹਾ ਗਿਆ ਹੈ ਕਿ ਲਾਲਪੁਰਾ ਸੇਵਾਮੁਕਤ ਡੀ ਆਈ ਜੀ ਹਨ ਤੇ ਉਹ 2012 ਵਿੱਚ ਭਾਜਪਾ ਵਿੱਚ ਸ਼ਾਮਲ ਹੋਏ ਸਨ। ਉਨ੍ਹਾਂ ਨੇ 1981 ਵਿੱਚ ਸਿੱਖ ਨਿਰੰਕਾਰੀ ਕੇਸ ਵਿੱਚ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੂੰ ਗ੍ਰਿਫਤਾਰ ਕੀਤਾ ਸੀ ਅਤੇ ਖਾੜਕੂਵਾਦ ਦੇ ਸਮੇਂ ਦੌਰਾਨ ਕਾਫੀ ਖਾੜਕੂ ਗ੍ਰਿਫਤਾਰ ਕੀਤੇ ਸਨ। ਲਾਲਪੁਰਾ ਨੇ ਦੱਸਿਆ ਸੀ ਕਿ ਉਸ ਨੂੰ ਵਿਦੇਸ਼ਾਂ ਤੋਂ ਖਾਲਿਸਤਾਨੀਆਂ ਵੱਲੋਂ ਧਮਕੀਆਂ ਮਿਲ ਰਹੀਆਂ ਹਨ। ਗ੍ਰਹਿ ਮੰਤਰਾਲੇ ਨੇ ਇਸੇ ਆਧਾਰ ਉੱਤੇ ਪੰਜਾਬ ਸਰਕਾਰ ਨੂੰ ਉਨ੍ਹਾਂ ਨੂੰ ਸੁਰੱਖਿਆ ਦੇਣ ਲਈ ਲਿਖਿਆ ਹੈ। ਇਸ ਪੱਤਰ ਅਨੁਸਾਰ ਭਾਜਪਾ ਦੇ ਕੌਮੀ ਜਨਰਲ ਸਕੱਤਰ ਤਰੁਣ ਚੁੱਘ, ਭਾਜਪਾ ਪੰਜਾਬ ਦੇ ਪ੍ਰਧਾਨ ਅਸ਼ਵਨੀ ਸ਼ਰਮਾ ਤੇ ਰਾਜ ਸਭਾ ਮੈਂਬਰ ਸ਼ਵੇਤ ਮਲਿਕ ਵੀ ਨਿਸ਼ਾਨੇ ਉੱਤੇ ਦੱਸੇ ਜਾ ਰਹੇ ਹਨ। ਇਸ ਤੋਂ ਬਿਨਾ ਆਰ ਐਸ ਐਸ ਦੇ ਸਾਬਕਾ ਪ੍ਰਧਾਨ ਬ੍ਰਿਜ ਭੂਸ਼ਣ ਬੇਦੀ ਨੂੰ ਗਰਮ ਦਲੀਆਂ ਵੱਲੋਂ ਖਤਰੇ ਦੀ ਗੱਲ ਆਖੀ ਗਈ ਹੈ। ਗ੍ਰਹਿ ਮੰਤਰਾਲੇ ਨੇ ਇਨ੍ਹਾਂ ਆਗੂਆਂ ਦੇ ਢੁੱਕਵੇਂ ਸੁਰੱਖਿਆ ਪ੍ਰਬੰਧ ਕਰਨ ਵਾਸਤੇ ਆਖਿਆ ਹੈ।

* ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਪੰਜਾਬ ਸਰਕਾਰ ਨੂੰ ਗੁਪਤ ਪੱਤਰ

## ਸਿਰਫ਼ 300 ਰੁਪਏ ਲਈ ਛੋਟੇ ਭਰਾ ਵੱਲੋਂ ਵੱਡੇ ਦਾ ਕਤਲ

ਜਲੰਧਰ, 27 ਅਪ੍ਰੈਲ (ਪੋਸਟ ਬਿਊਰੋ)- ਕਬੀਰ ਨਗਰ ਵਿੱਚ 300 ਰੁਪਏ ਦੇ ਝਗੜੇ ਵਿੱਚ ਛੋਟੇ ਭਰਾ ਨੇ ਵੱਡੇ ਭਰਾ ਦੀ ਛਾਤੀ ਭਰਾ ਉਤੇ ਵਾਰ ਕਰਕੇ ਉਸਦਾ ਕਤਲ ਕਰ ਦਿੱਤਾਫ਼ਰਾਰ ਹੋ ਗਿਆ। ਇਹ ਘਟਨਾ ਦੋਵਾਂ ਭਰਾਵਾਂ ਦੇ ਪਿਤਾ ਦੇ ਸਾਹਮਣੇ ਵਾਪਰੀ। ਕਤਲ ਦੀ ਸੂਚਨਾ ਮਿਲਦੇ ਸਾਰ ਥਾਣਾ ਨੰਬਰ 1 ਦੇ ਐਸ ਐਚ ਓ ਰਾਜੇਸ਼ ਸ਼ਰਮਾ ਨੇ ਮੌਕੇ ਉੱਤੇ ਪਹੁੰਚ ਕੇ ਜਾਂਚ ਸ਼ੁਰੂ ਕਰ ਦਿੱਤੀ ਸੀ। ਮ੍ਰਿਤਕ ਦੀ ਪਛਾਣ ਪੰਕਜ ਸਹਿਗਲ ਵਜੋਂ ਹੋਈ ਹੈ।

ਥਾਣਾ ਨੰਬਰ 1 ਦੇ ਇੰਚਾਰਜ ਰਾਜੇਸ਼ ਸ਼ਰਮਾ ਨੇ ਦੱਸਿਆ ਕਿ ਮ੍ਰਿਤਕ ਪੰਕਜ ਅਤੇ ਉਸਦਾ ਛੋਟਾ ਭਰਾ ਰੋਹਿਤ ਸਹਿਗਲ ਫੁੱਲਾਂ ਦਾ ਕਾਰੋਬਾਰ ਕਰਦੇ ਤੇ ਦੋਵੇਂ ਭਰਾ ਆਪਣੇ ਪਿਤਾ ਮਿੱਠੂ ਨਾਲ ਕਬੀਰ ਨਗਰ ਵਿੱਚ ਰਹਿੰਦੇ ਹਨ। ਉਹ ਕੱਲ੍ਹ ਦੇਰ ਰਾਤ ਇਕੱਠੇ ਬੈਠੇ ਸਨ। ਇਸ ਦੌਰਾਨ ਉਨ੍ਹਾਂ ਵਿੱਚ ਦਿਹਾੜੀ ਦੇ 300 ਰੁਪਏ ਬਾਰੇ ਤਕਰਾਰ ਹੋਈ, ਜਿਸ ਤੋਂ ਬਾਅਦ ਰੋਹਿਤ ਨੇ ਆਪਣੇ ਵੱਡੇ ਭਰਾ ਪੰਕਜ ਉੱਤੇ ਚਾਕੂ ਨਾਲ ਹਮਲਾ ਕਰ ਦਿੱਤਾ। ਜਦੋਂ ਇਹ ਘਟਨਾ ਵਾਪਰੀ, ਓਦੋਂਦੋਵਾਂ ਭਰਾਵਾਂ ਦੇ ਪਿਤਾ ਸਾਹ-ਮਣੇ ਸਨ। ਪਿਤਾ ਨੇ ਦੋਵਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ, ਪਰ ਰੋਹਿਤ ਨੇ ਪੰਕਜ ਦੀ ਛਾਤੀ ਵਿੱਚ ਚਾਕੂ ਨਾਲ ਲਗਾਤਾਰ ਵਾਰ ਕੀਤੇ, ਜਿਸ ਨਾਲ ਪੰਕਜ ਦੀ ਮੌਕੇ ਉੱਤੇ ਮੌਤ ਹੋ ਗਈ। ਆਪਣੇ ਵੱਡੇ ਭਰਾ ਹੱਤਿਆ ਕਰਨ ਤੋਂ ਬਾਅਦ ਰਹਿਤ ਫ਼ਰਾਰ ਹੋ ਗਿਆ। ਸੂਚਨਾ ਮਿਲਦੇ ਹੀ ਥਾਣਾ ਨੰਬਰ 1 ਦੀ ਪੁਲਸ ਅਤੇ ਪੀ ਸੀ ਆਰ ਦੀਆਂ ਟੀਮਾਂ ਮੌਕੇ ਉੱਤੇ ਪਹੁੰਚ ਗਈਆਂ। ਉਨ੍ਹਾਂ ਕਿਹਾ ਕਿ ਕਾਤਲ ਰੋਹਿਤ ਦੀ ਭਾਲ ਕੀਤੀ ਜਾ ਰਹੀ ਹੈ ਅਤੇ ਪੁਲਸ ਨੇ ਮੌਕੇ ਉੱਤੇ ਹੀ ਕਤਲ ਵਿੱਚ ਵਰਤਿਆ ਗਿਆ ਚਾਕੂ ਬਰਾਮਦ ਕਰ ਲਿਆ ਹੈ।

## ਪਰਾਲੀ ਸਾੜਨ ’ਤੇ ਅੱਗੋਂ ਕਿਸੇ ਕਿਸਾਨ ਨੂੰ ਜੇਲ੍ਹ ਨਹੀਂ ਹੋਵੇਗੀ



ਨਵੀਂ ਦਿੱਲੀ, 27 ਅਪ੍ਰੈਲ (ਪੋਸਟ ਬਿਊਰੋ)- ਕੇਂਦਰ ਸਰਕਾਰ ਨੇ ਕਿਸਾਨਾਂ ਨੂੰ ਇੱਕ ਵਾਰੀ ਮੁੜ ਵੱਡੀ ਰਾਹਤ ਦਿੱਤੀ ਹੈ ਕਿ ਅੱਗੇ ਤੋਂ ਪਰਾਲੀ ਸਾੜਨ ਵਾਲੇ ਕਿਸਾਨਾਂ ਨੂੰ ਜੇਲ੍ਹ ਨਹੀਂ ਹੋਵੇਗੀ। ਇਸ ਦੇ ਨਾਲ ਉਨ੍ਹਾਂਨੂੰ ਇੱਕ ਕਰੋੜ ਰੁਪਏ ਤਕ ਦੇ ਮੋਟੇ ਜੁਰਮਾਨੇ ਦੇ ਨਿਯਮ ਨੂੰ ਵੀ ਖਤਮ ਕਰ ਦਿੱਤਾਗਿਆ ਹੈ।

ਦਿੱਲੀ ਦੀਆਂ ਹੱਦਾਂ ਉੱਤੇ ਪ੍ਰਦਰਸ਼ਨ ਕਰ ਰਹੇ ਕਿਸਾਨਾਂ ਨੂੰ ਵੱਡੀ ਰਾਹਤ ਦਿੰਦੇ ਹੋਏ ਕੇਂਦਰ ਸਰਕਾਰ ਨੇ ਹਵਾ ਗੁਣਵੱਤਾ ਮੈਨੇਜਮੈਂਟ ਕਮਿਸ਼ਨ ਦਾ ਪੁਨਰਗਠਨ ਕਰ ਕੇ ਇਸ ਸਬੰਧ ਵਿੱਚ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਹੈ। ਇਸ ਵਿੱਚ ਇਹ ਦੋਵੇਂ ਵਿਵਸਥਾਵਾਂ ਹਟਾ ਲਈਆਂ ਗਈਆਂ ਹਨ। ਇਸ ਤੋਂ ਬਿਨਾ ਕਮਿਸ਼ਨ ਵਿੱਚ ਇੱਕ ਮੈਂਬਰ ਖੇਤੀ ਖੇਤਰ ਤੋਂ ਸ਼ਾਮਲ ਕੀਤਾ ਜਾ ਰਿਹਾ ਹੈ। ਅਕਤੂਬਰ 2020 ਵਿੱਚ ਬਣਾਏਗਏ 18 ਮੈਂਬਰੀ ਕਮਿਸ਼ਨ ਨੂੰ ਪਰਾਲੀ ਸਾੜਨ ਵਾਲੇ ਕਿਸਾਨਾਂ ਉੱਤੇ ਸਖਤ ਕਾਰਵਾਈ ਕਰਨ ਦੇ ਅਧਿਕਾਰ ਦਿੱਤੇ ਗਏ ਸਨ। ਇਨ੍ਹਾਂ ਵਿੱਚ ਦੋਸ਼ੀ ਕਿਸਾਨਾਂ ਉੱਤੇ ਇੱਕ ਕਰੋੜ ਰੁਪਏ ਤੱਕ ਜੁਰਮਾਨਾ ਲਾਉਣ ਤੇ ਪੰਜ ਸਾਲ ਜੇਲ੍ਹ ਭੇਜਣ ਦੀ ਵਿਵਸਥਾ ਸੀ। ਖੇਤੀ ਕਾਨੂੰਨ ਵਿਰੋਧੀ ਅੰਦੋਲਨਕਾਰੀਆਂ ਦੀਆਂ ਮੰਗਾਂ ਵਿੱਚ ਇਸ ਵਿਵਸਥਾ ਨੂੰ ਹਟਾਉਣ ਦੀ ਮੰਗ ਵੀ ਸ਼ਾਮਲ ਸੀ।ਪਿਛਲੇ ਦਿਨੀਂ ਜਦੋਂ ਕੇਂਦਰ ਸਰਕਾਰ ਅਤੇ ਕਿਸਾਨ ਜਥੇਬੰਦੀਆਂ ਦੇ ਨੁਮਾਇੰਦਿਆਂ ਵਿਚਾਲੇ ਵਿਗਿਆਨ ਭਵਨ ਵਿੱਚ ਬੈਠਕ ਹੋਈ ਤਾਂ ਉਦੋਂ ਵੀ ਇਸ ਮੰਗ ਉੱਤੇ ਪ੍ਰਮੁੱਖਤਾ ਨਾਲ ਜ਼ੋਰ ਦਿੱਤਾ ਗਿਆ ਸੀ। ਇਸੇ ਦੇ ਮੱਦੇਨਜ਼ਰ ਕੇਂਦਰ ਸਰਕਾਰ ਦੇ ਖੇਤੀ ਕਾਨੂੰਨਾਂ ਵਿੱਚ ਸੋਧ ਨਾਲ ਜੁੜੀਆਂ ਹੋਰ ਮੰਗਾਂ ਨਾਲ ਕਿਸਾਨਾਂ ਦੀ ਇਸ ਮੰਗ ਨੂੰ ਵੀ ਸਵੀਕਾਰ ਕਰ ਲਿਆ ਹੈ।

## ਕੋਰੋਨਾ ਵਿਰੁੱਧ ਲੜਾਈ ਵਿੱਚ ਭਾਰਤ ਦੀ ਮੱਦਦ ਲਈ ਅਮਰੀਕਾ ਦ੍ਰਿੜ੍ਹ: ਬਾਈਡਨ

ਨਵੀਂ ਦਿੱਲੀ, 27 ਅਪ੍ਰੈਲ (ਪੋਸਟ ਬਿਊਰੋ)- ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਈਡਨ ਨੇ ਮਹਾਂਮਾਰੀ ਕੋਰੋਨਾ ਦੀ ਦੂਜੀ ਲਹਿਰ ਨਾਲ ਜੂਝ ਰਹੇ ਭਾਰਤ ਨਾਲ ਇੱਕਜੁੱਟਤਾ ਪ੍ਰਗਟ ਕਰਦੇ ਹੋਏ ਆਪਣੇ ਦੇਸ਼ ਵੱਲੋਂ ਜ਼ਰੂਰੀ ਮੱਦਦ ਕਰਨ ਦਾ ਭਰੋਸਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਕੋਰੋਨਾ ਮਹਾਂਮਾਰੀ ਦਾ ਮਿਲ ਕੇ ਸਾਹਮਣਾ ਕਰਨ ਲਈ ਭਾਰਤ ਤੇ ਅਮਰੀਕਾ ਪੂਰੀ ਤਰ੍ਹਾਂ ਨਾਲ ਤਿਆਰ ਹਨ ਅਤੇ ਇਸ ਉੱਤੇ ਅਮਲ ਕਰਨਗੇ।

ਇਸ ਸਬੰਧੀ ਰਣਨੀਤੀ ਬਣਾਉਣ ਲਈ ਪਰਸੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਰਾਸ਼ਟਰਪਤੀ ਜੋਅ ਬਾਈਡਨ ਨਾਲ ਫ਼ੋਨ ਉੱਤੇ ਗੱਲਬਾਤ ਕਰਨ



ਪਿੱਛੋਂ ਆਪਣੇ ਟਵੀਟ ਵਿੱਚ ਲਿਖਿਆ ਕਿ ਜੋਅ ਬਾਈਡਨ ਨਾਲ ਦੋਵਾਂ ਦੇਸ਼ਾਂ ਵਿਚਾਲੇ ਕੋਵਿਡ-19 ਦੀ ਮੌਜੂਦਾ ਸਥਿਤੀ ਬਾਰੇ ਵਿਸਥਾਰ ਵਿੱਚ ਚਰਚਾ ਕੀਤੀ। ਉਹ ਅਮਰੀਕੀ ਰਾਸ਼ਟਰਪਤੀ ਦਾ ਭਾਰਤ ਦੀ ਮੱਦਦ ਲਈ ਧੰਨਵਾਦ ਕਰਦੇ ਹਨ। ਉਨ੍ਹਾਂ ਕਿਹਾ ਕਿ ਅਸੀਂ ਵੈਕਸੀਨ ਦੇ ਕੱਚੇ ਮਾਲ ਅਤੇ ਦਵਾਈਆਂ ਦੀ ਸਪਲਾਈ ਚੇਨ ਨੂੰ ਕਾਰਗਰ ਬਣਾਉਣ ਉੱਤੇ ਚਰਚਾ ਕੀਤੀ ਹੈ। ਉਨ੍ਹਾਂ ਕਿਹਾ ਕਿ ਭਾਰਤ ਤੇ ਅਮਰੀਕਾ ਦੀ ਸਿਹਤ ਸੰਭਾਲ ਭਾਈਵਾਲੀ ਦੁਨੀਆ ਵਿੱਚ ਕੋਵਿਡ-19 ਤੋਂ ਪੈਦਾ ਹੋਈਆਂ ਚੁਣੌਤੀਆਂ ਦਾ ਮੁਕਾਬਲਾ ਕਰ ਸਕਦੀ ਹੈ।

ਦੂਸਰੇ ਪਾਸੇ ਜੋ ਬਾਈਡਨ ਨੇ ਆਪਣੇ ਟਵੀਟ ਵਿੱਚ ਕਿਹਾ ਕਿ ਕੋਰੋਨਾ ਮਹਾਂਮਾਰੀ ਦੀ ਸ਼ੁਰੂਆਤ ਵਿੱਚ ਜਦੋਂ ਸਾਡੇ ਹਸਪਤਾਲਾਂ ਉੱਤੇ ਦਬਾਅ ਜ਼ਿਆਦਾ ਵਧ ਗਿਆ ਸੀ ਤਾਂ ਭਾਰਤ ਨੇ ਅਮਰੀਕਾ ਦੀ ਮੱਦਦ ਕੀਤੀ ਸੀ। ਉਸੇ ਤਰ੍ਹਾਂ ਭਾਰਤ ਨੂੰ ਸਾਡੀ ਮੱਦਦ ਦੀ ਜ਼ਰੂਰਤ ਹੈ ਅਤੇ ਅਸੀਂ ਮੱਦਦ ਕਰਨ ਲਈ ਦ੍ਰਿੜ੍ਹ ਸੰਕਲਪ ਹਾਂ।

## ਵਿਦੇਸ਼ੀ ਮੀਡੀਆ ਨੇ ਕੋਰੋਨਾ ਫੈਲਣ ਲਈ ਸਿੱਧਾ ਪ੍ਰਧਾਨ ਮੰਤਰੀ ਮੋਦੀ ਨੂੰ ਜ਼ਿੰਮੇਵਾਰ ਦੱਸਿਆ

ਨਵੀਂ ਦਿੱਲੀ, 27 ਅਪ੍ਰੈਲ (ਪੋਸਟ ਬਿਊਰੋ)- ਭਾਰਤ ਵਿੱਚ ਕੋਰੋਨਾ ਦੀ ਦੂਜੀ ਲਹਿਰ ਨਾਲ ਹਾਲਾਤ ਵਿਗੜ ਰਹੇ ਹਨ। ਕੋਰੋਨਾ ਲਈ ਲੋਕਾਂ ਨੂੰ ਹਸਪਤਾਲਾਂ ਵਿੱਚ ਬੈਡ, ਆਕਸੀਜਨ ਤੇ ਜ਼ਰੂਰੀ ਦਵਾਈਆਂ ਵੀ ਨਹੀਂ ਮਿਲ ਰਹੀਆਂ। ਭਾਰਤ ਦੀ ਇਸ ਸਥਿਤੀ ਲਈ ਵਿਦੇਸ਼ੀ ਮੀਡੀਆ ਨੇ ਸਿੱਧਾ ਪ੍ਰਧਾਨ ਮੰਤਰੀ ਨੂੰ ਜ਼ਿੰਮੇਵਾਰ ਠਹਿਰਾਇਆ ਹੈ।

ਆਸਟਰੇਲੀਅਨ ਫ਼ਾਈਨਾਂਸ਼ੀਅਲ ਰਿਵਿਊ ਨੇ ਕਾਰਟੂਨਿਸਟ ਡੇਵਿਡ ਰੋਵ ਦਾ ਇੱਕ ਕਾਰਟੂਨ ਛਾਪ ਕੇ ਭਾਰਤ ਦੀ ਸਥਿਤੀ ਦੀ ਤੁਲਨਾ ਹਾਥੀ ਨਾਲ ਕੀਤੀ ਹੈ, ਜਿਹੜਾ ਧਰਤੀ ਉੱਤੇ ਬੇਹਾਲ ਹੋ ਕੇ



ਡਿੱਗਿਆ ਪਿਆ ਹੈ ਤੇ ਉਪਰ ਮੋਦੀ ਰਾਜਾ ਬਣ ਕੇ ਬੈਠਾ ਹੈ। ਅਮਰੀਕੀ ਅਖ਼ਬਾਰ ‘ਦਿ ਵਾਸ਼ਿੰਗਟਨ ਪੋਸਟ' ਨੇ ਲਿਖਿਆ ਕਿ ਭਾਰਤ ਵਿੱਚ ਕੋਰੋਨਾ ਦੀ ਦੂਜੀ ਲਹਿਰ ਦੀ ਸਭ ਤੋਂ ਵੱਡੀ ਵਜ੍ਹਾ ਪਾਬੰਦੀਆਂ ਵਿੱਚ ਛੇਤੀ ਰਾਹਤ ਦੇਣਾ ਹੈ। ਇਸ ਤੋਂ ਲੋਕਾਂ ਨੇ ਮਹਾਮਾਰੀ ਨੂੰ ਹਲਕੇ ਵਿੱਚ ਲਿਆ। ਕੁੰਭ ਮੇਲਾ, ਕ੍ਰਿਕਟ ਸਟੇਡੀਅਮਾਂ ਵਿੱਚ ਭਾਰੀ ਭੀੜ ਇਸ ਦੀਆਂ ਮਿਸਾਲਾਂ ਹਨ। ਬ੍ਰਿਟੇਨ ਦੇ ‘ਦਿ ਗਾਰਜੀਅਨ’ ਅਖ਼ਬਾਰ ਨੇ ਭਾਰਤ ਵਿੱਚ ਕੋਰੋਨਾ ਕਾਰਨ ਬਣੇ ਭਿਆਨਕ ਹਾਲਾਤ ਬਾਰੇ ਪ੍ਰਧਾਨ ਮੰਤਰੀ ਮੋਦੀ ਨੂੰ ਘੇਰਿਆ ਹੈ। ਅਖ਼ਬਾਰ ਨੇ ਲਿਖਿਆ ਕਿ ਭਾਰਤੀ ਪ੍ਰਧਾਨ ਮੰਤਰੀ ਦੇ ਅਤਿ ਆਤਮਵਿਸ਼ਵਾਸ ਨੇ ਦੇਸ਼ ਦੇ ਲੋਕਾਂ ਨੂੰ ਮਰਵਾ ਦਿੱਤਾ ਹੈ। ਅਮਰੀਕੀ ਅਖ਼ਬਾਰ ‘ਦਿ ਨਿਊਯਾਰਕ ਟਾਈਮਜ਼' ਨੇ ਲਿਖਿਆ ਕਿ ਸਾਲ ਕੁ ਪਹਿਲਾਂ ਦੁਨੀਆ ਦੀ ਸਭ ਤੋਂ ਸਖ਼ਤ ਤਾਲਾਬੰਦੀ ਲਾ ਕੇ ਕੋਰੋਨਾ ਉਤੇ ਕਾਫ਼ੀ ਹੱਦ ਤੱਕ ਕਾਬੂ ਪਾਇਆ, ਲੇਕਿਨ ਫਿਰ ਮਾਹਰਾਂ ਦੀ ਚਿਤਾਵਨੀ ਅਣਦੇਖੀ ਕੀਤੀ ਗਈ। ਇਸੇ ਕਰ ਕੇ ਅੱਜ-ਕੱਲ੍ਹ ਕੋਰੋਨਾ ਦੇ ਮਾਮਲੇ ਬੇਕਾਬੂ ਹੋ ਗਏ ਹਨ।

### ਵਿੱਤ ਮੰਤਰੀ ਦੇ ਪਤੀ ਨੇ ਸਰਕਾਰ ਦੇ ਪੋਤੜੇ ਫੋਲੇ:

## ਲੋਕ ਪੁੱਛਦੇ ਹਨ ਕਿ ਸਾਲ ਵਿੱਚ ਕੋਰੋਨਾ ਨਾਲ ਲੜਨ ਲਈ ਕੀ ਤਿਆਰੀ ਕੀਤੀ ਸੀ

ਨਵੀਂ ਦਿੱਲੀ, 27 ਅਪ੍ਰੈਲ (ਪੋਸਟ ਬਿਊਰੋ)- ਅੱਜ-ਕੱਲ੍ਹ ਕੋਰੋਨਾ ਕਾਰਨ ਪੂਰੇ ਵਿਸ਼ਵ ਵਿੱਚ ਹਾਹਾਕਾਰ ਮਚੀ ਹੋਈ ਹੈ ਪਰ ਦੁਨੀਆਂ ਭਰ ਵਿੱਚ ਕੋਰੋਨਾ ਮਾਮਲਿਆਂ ਦੀ ਰਫ਼ਤਾਰ ਭਾਰਤ ਵਿੱਚ ਸਭ ਤੋਂ ਤੇਜ਼ ਹੈ। ਰੋਜ਼ ਮੌਤਾਂ ਹੋ ਹੀ ਰਹੀਆਂ ਹਨ ਪਰ ਸਹੂਲਤਾਂ ਨਾ ਮਿਲਣ ਕਾਰਨ ਲੋਕ ਬੇਹਾਲ ਹਨ ਅਤੇ ਜਨਤਾ ਸਰਕਾਰ ਤੋਂ ਪੁੱਛਦੀ ਹੈ ਕਿ ਸਾਲ ਵਿੱਚ ਤੁਸੀਂ ਇਸ ਵਾਸਤੇ ਕੀ ਕਦਮ ਚੁੱਕੇ। ਇਸ ਬਾਰੇ ਪ੍ਰਸਿੱਧ ਅਰਥ ਸ਼ਾਸਤਰੀ ਅਤੇ ਭਾਰਤ ਦੀ ਵਿੱਤ ਮੰਤਰੀ ਨਿਰਮਲਾ ਸੀਤਾਰਮਣ ਦੇ ਪਤੀ ਪਰਕਲਾ ਪ੍ਰਭਾਕਰ ਨੇ ਵੀ ਸਰਕਾਰ ਨੂੰ ਕਟਹਿਰੇ ਵਿੱਚ ਖੜਾ ਕੀਤਾ ਹੈ।

ਆਪਣੇ ਯੂ-ਟਿਊਬ ਚੈਨਲ ਮਿਡਵੀਕ ਮੈਟਰਜ਼ ਉੱਤੇ ਪਰਕਲਾ ਪ੍ਰਭਾਕਰ ਨੇ ਬੜੀ ਬੇਬਾਕੀ ਨਾਲ ਸਰਕਾਰ ਦੇ ਪੋਤੜੇ ਫਰੋਲੇ ਹਨ। ਉਨ੍ਹਾਂ ਲਿਖਿਆ ਹੈ ਕਿ ਅਸੀਂ ਦੇਸ਼ ਵਿੱਚ ਕੋਰੋਨਾ ਲਾਗ ਨੂੰ ਦੁਨੀਆ ਵਿੱਚ ਸਭ ਤੋਂ ਤੇਜ਼ੀ ਨਾਲ ਵਧਦੇ ਹੋਏ ਦੇਖ ਰਹੇ ਹਾਂ, ਮੌਤਾਂ ਅਸਮਾਨ ਛੂਹ ਰਹੀਆਂ ਹਨ। ਭਾਰਤ ਵਿੱਚ ਇੱਕ ਕਰੋੜ ਤੋਂ ਜ਼ਿਆਦਾ ਲੋਕ ਕੋਰੋਨਾ ਪੀੜਤ ਹੋ ਚੁੱਕੇ ਹਨ। ਇਸ ਵੇਲੇ ਭਾਰਤ ਵਿੱਚ ਹੈਲਥ ਐਮਰਜੈਂਸੀ ਹੈ। ਇਹ ਸੰਕਟ ਦਸਦਾ ਹੈ ਕਿ ਕੇਂਦਰ ਸਰਕਾਰ ਇਸ ਬੀਮਾਰੀ ਪ੍ਰਤੀ ਕਿੰਨੀ ਕੁ ਗੰਭੀਰ ਹੈ ਤੇ ਉਸ ਨੇ ਕੀ ਤਿਆਰੀ ਕੀਤੀ। ਉਨ੍ਹਾਂ ਕਿਹਾ ਕਿ ਆਪਣਿਆਂ ਦੀ ਮੌਤ ਬੜੀ ਦੁਖਦਾਈ ਹੁੰਦੀ ਹੈ ਤੇ ਦੂਸਰਿਆਂ ਦੀਆਂ ਮੌਤਾਂ ਦੀ ਗਿਣਤੀ ਅੰਕੜਾ ਹੋ ਸਕਦੀ ਹੈ। ਜਦੋਂ ਕੋਈ ਆਪਣਾ ਮਰਦਾ



ਹੈ ਤਾਂ ਸਮਝ ਪੈਂਦੀ ਹੈ ਕਿ ਮੌਤ ਕੀ ਹੁੰਦੀ ਹੈ। ਇਸ ਦਾ ਭਾਵਹੈ ਕਿ ਇਨ੍ਹਾਂ ਆਗੂਆਂ ਦਾ ਆਪਣਾ ਕੋਈ ਕੋਰੋਨਾ ਦੀ ਬਲੀ ਨਹੀਂ ਚੜ੍ਹਿਆ। ਪ੍ਰਭਾਕਰ ਬੀਤੇ ਬਾਰੇ ਗੱਲ ਕਰਦੇ ਕਹਿੰਦੇ ਹਨ ਕਿ ਮੈਂ ਜਾਣਦਾ ਹਾਂ ਕਿ ਸੰਨ 1981 ਤੱਕ ਮੇਰੇ ਲਈ ਅਜਿਹੀਆਂ ਮੌਤਾਂ ਦਾ ਕੋਈ ਮਤਲਬ ਨਹੀਂ ਸੀ। ਇਹ ਸਿਰਫ਼ ਸੂਚਨਾਵਾਂ ਹੀ ਹੁੰਦੀਆਂ ਸਨ। ਜਦੋਂ ਇਸ ਸਾਲ ਮੈਂ ਆਪਣੇ ਪਿਤਾ ਨੂੰ ਖੋਇਆ ਤਾਂ ਪਤਾ ਲੱਗਾ ਕਿ ਮੌਤ ਕਿੰਨੀ ਦੁਖਦਾਈ ਹੁੰਦੀ ਹੈ। ਗੁਜ਼ਰੇ ਇੱਕ ਸਾਲ ਵਿੱਚ ਕੋਰੋਨਾ ਨੇ ਮੇਰੇ ਕਈ ਦੋਸਤਾਂ ਨੂੰ ਖੋ ਲਿਆ ਹੈ। ਮੈਂ ਜਾਣਦਾ ਹਾਂ ਕਿ ਉਨ੍ਹਾਂ ਦੇ ਪਰਵਾਰ, ਪਤਨੀ, ਪਤੀ, ਬੱਚੇ, ਮਿੱਤਰ ਅਤੇ ਸਾਥੀਆਂ ਉੱਤੇ ਕੀ ਬੀਤ ਰਹੀ ਹੋਵੇਗੀ। ਉਹ ਕਹਿੰਦੇ ਹਨ ਕਿ ਇੱਕ ਬੰਦਾ ਚਲਾ ਜਾਂਦਾ ਹੈ ਅਤੇ ਦੂਜੀ ਉਸ ਦੀ ਸਾਰੀ ਉਮਰ ਦੀ ਕਮਾਈ ਹਸਪਤਾਲਾਂ ਵਿੱਚ ਲੱਗ ਜਾਂਦੀ ਹੈ ਪਰ ਸਰਕਾਰ ਹੱਥ ਉੱਤੇ ਹੱਥ ਧਰ ਕੇ ਬੈਠੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਇਸ ਬਿਪਤਾ ਦੀ ਘੜੀ ਵਿੱਚ ਹਸਪਤਾਲ ਦਾਦਾਗਿਰੀ ਵੀ ਕਰਦੇ ਹਨ। ਪ੍ਰਭਾਕਰ ਕਹਿੰਦੇ ਹਨ ਕਿ ਪੀੜਤਾਂ ਅਤੇ ਮੌਤਾਂ ਦਾ ਅੰਕੜਾ ਦੱਸਣ ਬਾਰੇ ਵੀ ਸਰਕਾਰ ਝੂਠ ਬੋਲ ਰਹੀ ਹੈ।ਉਨ੍ਹਾਂ ਦੱਸਿਆ ਕਿ ਭਾਜਪਾ ਹਕੂਮਤ ਵਾਲੇ ਰਾਜਾਂ ਦੇ ਮੁੱਖ ਮੰਤਰੀ ਜਾਣ ਬੁੱਝ ਕੇ ਘੱਟ ਅੰਕੜੇ ਦੱਸਦੇ ਹਨ। ਉਨ੍ਹਾਂ ਯੂ ਪੀ ਦੇ ਸਹਾਰਨਪੁਰ ਦੀ ਫੋਟੋ ਦਿਖਾ ਕੇ ਕਿਹਾ ਕਿ ਇਹ ਕਹਿੰਦੇ ਕਿ 10 ਮੌਤਾਂ ਹੋਈਆਂ ਹਨ, ਪਰ ਸ਼ਮਸ਼ਾਨ ਘਾਟ ਵਿੱਚ 200 ਤੋਂ 250 ਲਾਸ਼ਾਂ ਆ ਰਹੀਆਂ ਹਨ। ਇਸ ਵੇਲੇ ਡਾਕਟਰਾਂ ਉੱਤੇ ਇੰਨਾ ਦਬਾਅ ਹੈ ਕਿ ਉਹ ਦੇਸ਼ ਛੱਡ ਕੇ ਭੱਜਣ ਨੂੰ ਤਿਆਰ ਹਨ, ਪਰ ਸਰਕਾਰ ਅਤੇ ਉਸ ਦੇ ਮੰਤਰੀ ਮੌਜ ਨਾਲ ਘਰਾਂ ਅੰਦਰ ਬੈਠੇ ਹਨ।

ਪ੍ਰਭਾਕਰ ਨੇ ਸਿਆਸੀ ਤੇ ਧਾਰਮਿਕ ਆਗੂਆਂ ਉੱਤੇ ਵਰ੍ਹਦੇ ਹੋਏ ਕਿਹਾ ਕਿ ਇਨ੍ਹਾਂ ਲੋਕਾਂ ਦੇ ਕੰਨਾਂ ਉੱਤੇ ਜੂੰ ਨਹੀਂ ਸਰਕਦੀ। ਹਸਪਤਾਲਾਂ ਅੱਗੇ ਲਾਈਨਾਂ ਲੱਗੀਆਂ ਹੋਈਆਂ ਹਨ, ਨਾ ਲੋਕਾਂ ਨੂੰ ਬੈਡ ਮਿਲ ਰਹੇ ਹਨ ਅਤੇ ਨਾ ਦਵਾਈਆਂ, ਲੋਕ ਆਪਣਿਆਂ ਨੂੰ ਗੁਆ ਕੇ ਸੜਕਾਂ ਉੱਤੇ ਰੋ ਰਹੇ ਹਨ, ਪਰ ਲੀਡਰਾਂ ਦੀ ਚਮੜੀ ਇੰਨੀ ਮੋਟੀ ਹੈ ਕਿ ਉਹ ਇਹ ਕਹੀ ਜਾ ਰਹੇ ਹਨ ਕਿ ਕਿਸੇ ਚੀਜ਼ ਦੀ ਘਾਟ ਨਹੀਂ। ਉਨ੍ਹਾਂ ਪੁੱਛਿਆ ਕਿ ਜੇ ਕਿਸੇ ਚੀਜ਼ ਦੀ ਘਾਟ ਨਹੀਂ ਤਾਂ ਲੋਕ ਕਿਉਂ ਮਰ ਰਹੇ ਹਨ? ਪ੍ਰਭਾਕਰ ਪੁੱਛਦੇ ਹਨ ਕਿ ਲੋਕਾਂ ਨੂੰ ਤਾਂ ਪ੍ਰਧਾਨ ਮੰਤਰੀ ਸਮੇਤ ਸਾਰੇ ਆਗੂ ਕਹਿੰਦੇ ਹਨ ਕਿ ਸਮਾਜਿਕ ਦੂਰੀ ਰੱਖੋ ਪਰ ਆਪ ਵੱਡੀਆਂ-ਵੱਡੀਆਂ ਰੈਲੀਆਂ ਕਰ ਕੇ ਲੋਕਾਂ ਦਾ ਕੀ ਭਲਾ ਕਰ ਰਹੇ ਹਨ।

## ਵਾਟਸਐਪ ਦਾ ਗਰੁੱਪ ਐਡਮਿਨ ਬੇਗਾਨੀ ਪੋਸਟ ਲਈ ਜ਼ਿੰਮੇਵਾਰ ਨਹੀਂ: ਬੰਬਈ ਹਾਈ ਕੋਰਟ

ਮੁੰਬਈ, 27 ਅਪ੍ਰੈਲ (ਪੋਸਟ ਬਿਊਰੋ)- ਵਾਟਸਐਪ ਗਰੁੱਪ ਚਲਾਉਣ ਵਾਲੇ ਦੇਸ਼ ਦੇ ਲੱਖਾਂ ਗਰੁੱਪ ਐਡਮਿਨ ਲਈ ਇੱਕ ਰਾਹਤ ਦੀ ਖਬਰ ਹੈ। ਉਨ੍ਹਾਂ ਦੇ ਗਰੁੱਪ ਵਿੱਚ ਕਿਸੇ ਮੈਂਬਰ ਦੀ ਇਤਰਾਜ਼ਯੋਗ ਪੋਸਟ ਲਈ ਉਨ੍ਹਾਂ ਨੂੰ ਜ਼ਿੰਮੇਵਾਰ ਨਹੀਂ ਕਿਹਾ ਜਾ ਸਕੇਗਾ ਤੇ ਨਾ ਉਨ੍ਹਾਂ ਖਿਲਾਫ ਅਪਰਾਧਕ ਕੇਸ ਚਲਾਇਆ ਜਾ ਸਕੇਗਾ।

ਇੱਕ ਕੇਸ ਦੀ ਸੁਣਵਾਈ ਕਰਦੇ ਹੋਏ ਬੰਬਈ ਹਾਈ ਕੋਰਟ ਨੇ ਇਹ ਫੈਸਲਾ ਦਿੱਤਾ ਹੈ। ਬੰਬੇ ਹਾਈ ਕੋਰਟ ਦੀ ਨਾਗਪੁਰ ਬੈਂਚ ਨੇ ਕਿਹਾ ਕਿ ਵਾਟਸਐਪ ਦੇ ਐਡਮਿਨ ਉੱਤੇ ਗਰੁੱਪ ਦੇ ਦੂਜੇ ਮੈਂਬਰਾਂ ਵੱਲੋਂ ਇਤਰਾਜ਼ਯੋਗ ਪੋਸਟ ਲਈ ਅਪਰਾਧਕ ਕਾਰਵਾਈ ਨਹੀਂ ਹੋ ਸਕਦੀ। ਇਸ ਦੇ ਨਾਲ ਹੀ ਕੋਰਟ ਨੇ 33 ਸਾਲਾ ਵਿਅਕਤੀ ਦੇ ਖਿਲਾਫ ਦਰਜ ਸੈਕਸ ਸ਼ੋਸ਼ਣ ਦਾ ਕੇਸਰੱਦ ਕਰ ਦਿੱਤਾ ਹੈ। ਵਰਨਣ ਯੋਗ ਹੈ ਕਿ ਕੋਰਟ ਦਾ ਇਹ ਹੁਕਮ ਪਿਛਲੇ ਮਹੀਨੇ ਆਇਆ ਸੀ, ਪਰ ਇਸ ਦੀ ਕਾਪੀ 22 ਅਪ੍ਰੈਲ ਨੂੰ ਦਿੱਤੀ ਗਈ ਹੈ। ਜਸਟਿਸ ਜ਼ੈਡ ਏ ਹੱਕ ਅਤੇ ਜਸਟਿਸ ਏ ਬੀ ਬੋਰਕਰ ਦੇ ਬੈਂਚ



ਨੇ ਕਿਹਾ ਕਿ ਵਾਟਸਐਪ ਦੇ ਐਡਮਿਨ ਕੋਲ ਸਿਰਫ ਗਰੁੱਪ ਦੇ ਮੈਂਬਰਾਂ ਨੂੰ ਜੋੜਨ ਜਾਂ ਹਟਾਉਣ ਦਾ ਅਧਿਕਾਰ ਹੁੰਦਾ ਹੈ ਤੇ ਗਰੁੱਪ ਵਿੱਚ ਪਾਈ ਗਈ ਕਿਸੇ ਪੋਸਟ ਜਾਂ ਵਿਸ਼ਾ ਵਸਤੂ ਨੂੰ ਕੰਟਰੋਲ ਕਰਨ ਜਾਂ ਉਸ ਨੂੰ ਰੋਕਣ ਦੀ ਸਮਰੱਥਾ ਨਹੀਂ ਹੁੰਦੀ। ਕੋਰਟ ਨੇ ਵਾਟਸਐਪ ਦੇ ਇੱਕ ਗਰੁੱਪ ਐਡਮਿਨ ਕਿਸ਼ੋਰ ਤਰੋਨੇ (33) ਦੀ ਪਟੀਸ਼ਨ ਉੱਤੇ ਇਹ ਹੁਕਮ ਦਿੱਤਾ। ਤਰੋਨੇ ਨੇ ਗੋਂਦੀਆ ਜ਼ਿਲ੍ਹੇ ਵਿੱਚ ਆਪਣੇ ਖਿਲਾਫ 2016 ਵਿੱਚਦਰਜ ਕੇਸ ਨੂੰ ਰੱਦ ਕਰਨ ਦੀ ਅਪੀਲ ਕੀਤੀ ਸੀ। ਅਦਾਲਤ ਨੇ ਆਪਣੇ ਹੁਕਮ ਵਿੱਚ ਕਿਹਾ ਕਿ ਕੇਸ ਦਾ ਸਾਰ ਹੈ ਕਿ ਕੀ ਕਿਸੇ ਵਾਟਸਐਪ ਗਰੁੱਪ ਦੇ ਐਡਮਿਨ ਉੱਤੇ ਗਰੁੱਪ ਦੇ ਕਿਸੇ ਮੈਂਬਰ ਵੱਲੋਂ ਕੀਤੀ ਇਤਰਾਜ਼ਯੋਗ ਪੋਸਟ ਲਈ ਅਪਰਾਧਕ ਕਾਰਵਾਈ ਨਹੀਂ ਕੀਤੀ ਜਾ ਸਕਦੀ ਹੈ। ਕੋਰਟ ਨੇ ਕਿਹਾ ਕਿ ਇੱਕ ਵਾਰ ਗਰੁੱਪ ਬਣ ਜਾਣ ਪਿੱਛੋਂ ਐਡਮਿਨ ਸਿਰਫ ਉਸ ਨੂੰ ਹਟਾ ਸਕਦਾ ਹੈ। ਇਤਰਾਜ਼ਯੋਗ ਪੋਸਟ ਰੋਕਣ ਦਾ ਅਧਿਕਾਰ ਉਸ ਕੋਲ ਨਹੀਂ, ਇਸ ਲਈ ਅਜਿਹੀ ਪੋਸਟ ਲਈ ਗਰੁੱਪ ਮੈਂਬਰ ਜ਼ਿੰਮੇਵਾਰ ਚਾਹੀਦਾ ਹੈ. ਕੋਰਟ ਨੇ ਗਰੁੱਪ ਐਡਮਿਨ ਖਿਲਾਫ ਦਰਜ ਕੇਸ ਤੇ ਉਸ ਤੋਂ ਬਾਅਦ ਦਾਖਲ ਦੋਸ਼ ਪੱਤਰ ਰੱਦ ਕਰ ਦਿੱਤਾ।

## ਪਾਕਿ ਵਿੱਚ ਸ਼ਰਾਬ ਉੱਤੇ ਪਾਬੰਦੀ, ਪਰ ਮੰਗ ਵਧਣ ’ਤੇ ਮਹਿੰਗੀ ਹੋਈ

ਇਸਲਾਮਾਬਾਦ, 27 ਅਪ੍ਰੈਲ (ਪੋਸਟ ਬਿਊਰੋ)- ਮਹਾਮਾਰੀ ਦੇ ਦੌਰ ਵਿੱਚ ਪਾਕਿਸਤਾਨ ਵਿੱਚ ਸ਼ਰਾਬ ਦੀ ਕਾਲਾਬਾਜ਼ਾਰੀ ਤੇਜ਼ੀ ਨਾਲ ਵਧੀ ਹੈ। ਹਾਲਾਤ ਇਹ ਹੋ ਗਏ ਕਿ ਲੋਕ ਦੋ ਤੋਂ ਤਿੰਨ ਗੁਣਾ ਕੀਮਤ ਦੇਣ ਨੂੰ ਤਿਆਰ ਹਨ। ਕਾਲਾਬਾਜ਼ਾਰੀ ਕਰਨ ਵਾਲੇ ਵੱਡੇ-ਵੱਡੇ ਬ੍ਰਾਂਡ ਦੀ ਸ਼ਰਾਬ ਵਿੱਚ ਪਾਣੀ ਵੀ ਮਿਲਾ ਕੇ ਵੇਚ ਰਹੇ ਹਨ।

ਡਾਇਚੇ ਵੇਲੇ ਦੀ ਰਿਪੋਰਟ ਮੁਤਾਬਕ ਪਾਕਿਸਤਾਨ ਵਿੱਚ ਮੁਸਲਮਾਨਾਂ ਦੇ ਲਈ ਸ਼ਰਾਬ ਪੀਣਾ ਅਧਿਕਾਰਕ ਤੌਰ ਉੱਤੇ ਬੈਨ ਹੈ, ਪਰ ਇੱਕ ਵੱਡੀ ਆਬਾਦੀ ਅਜਿਹੀ ਵੀ ਹੈ, ਜੋ ਇਨ੍ਹਾਂ ਪਾਬੰਦੀਆਂ ਦੀ ਪ੍ਰਵਾਹ ਨਾ ਕਰਦੇ ਹੋਏ ਸ਼ਰਾਬ ਦਾ ਇਸਤੇਮਾਲ ਕਰਦੀ ਹੈ। ਦੱਖਣੀ ਸਿੰਧ ਸੂਬੇ ਵਿੱਚ ਗੈਰ-ਮੁਸਲਮਾਨ ਗਾਹਕਾਂ ਲਈ ਸ਼ਰਾਬ ਦੀਆਂ ਦੁਕਾਨਾਂ ਜਾਇਜ਼ ਹਨ। ਕਰਾਚੀ ਵਿੱਚ ਅਜਿਹੀ ਇੱਕ ਦੁਕਾਨ ਉੱਤੇ ਕੰਮ ਕਰਦੇ ਹਿੰਦੂ ਨੌਜਵਾਨ ਰਾਹੁਲ ਨੇ ਦੱਸਿਆ ਕਿ ਉਹ ਉਨ੍ਹਾਂ ਸਾਰਿਆਂ ਨੂੰ ਸ਼ਰਾਬ ਦਿੰਦੇ ਹਨ, ਜੋ ਉਨ੍ਹਾਂ ਨੂੰ ਪੈਸੇ ਦਿੰਦੇ ਹਨ। ਉਹ ਕਹਿੰਦੇ ਹਨ, ਹਿੰਦੂ, ਮੁਸਲਿਮ, ਈਸਾਈ, ਕਈ ਲੋਕ ਸ਼ਰਾਬ ਪੀਂਦੇ ਹਨ।



ਮੈਨੂੰ ਇਸ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਪੀਣ ਵਾਲੇ ਦਾ ਧਰਮ ਕੀ ਹੈ। ਰਾਹੁਲ ਇਹ ਵੀ ਮੰਨਦੇ ਹਨ ਕਿ ਚੌਕੰਨਾ ਰਹਿਣਾ ਜ਼ਰੂਰੀ ਹੈ। ਰਾਹੁਲ ਹਰ ਮਹੀਨੇ ਪੰਜਾਹ ਹਜ਼ਾਰ ਰੁਪਏ ਤੱਕ ਕਮਾਉਂਦਾ ਹੈ। ਇਹ ਉਸ ਦੀ ਪਿਛਲੀ ਕਮਾਈ ਤੋਂ ਕਾਫੀ ਜ਼ਿਆਦਾ ਹੈ। ਪਹਿਲਾਂ ਉਹ ਕੱਪੜਾ ਫੈਕਟਰੀ ਵਿੱਚ ਕੰਮ ਕਰਦਾ ਸੀ।

ਇਸਲਾਮਾਬਾਦ ਦੇ ਉਮਰ ਨੇ ਦੱਸਿਆ ਕਿ ਪਹਿਲਾਂ ਉਹ ਕਦੇ-ਕਦੇ ਸ਼ਰਾਬ ਪੀਂਦਾ ਸੀ, ਪਰ ਅੱਜਕੱਲ੍ਹ ਰੋਜ਼ ਪੀਂਦਾ ਹਾਂ। ਸ਼ਰਾਬ ਦੇ ਕਾਰਨ ਚਿੰਤਾਵਾਂ ਨਾਲ ਨਜਿੱਠਣ ਦੇ ਲਈ ਮੱਦਦ ਮਿਲਦੀ ਹੈ।

38 ਸਾਲਾ ਪੱਤਰਕਾਰ ਹੀਰਾ ਨੇ ਦੱਸਿਆ ਕਿ ਉਸ ਨੇ ਵ੍ਹਿਸਕੀ ਦੀ ਬੋਤਲ ਤਿੰਨ ਗੁਣਾ ਮਹਿੰਗੀ ਖਰੀਦੀ, ਪਰ ਉਸ ਵਿੱਚ ਪਾਣੀ ਮਿਲਿਆ ਹੋਇਆ ਸੀ। ਅਜਿਹਾ ਕਈ ਲੋਕਾਂ ਦੇ ਨਾਲ ਹੋਇਆ। ਪਾਕਿਸਤਾਨ ਵਿੱਚ 1977 ਵਿੱਚ ਜ਼ੁਲਿਫਕਾਰ ਅਲੀ ਭੁੱਟੋ ਦੀ ਸਰਕਾਰ ਨੇ ਸ਼ਰਾਬਬੰਦੀ ਕਾਨੂੰਨ ਬਣਾਇਆ ਸੀ, ਪਰ ਬਾਰ ਅਤੇ ਕਲੱਬਾਂ ਨੂੰ ਕੁਝ ਛੋਟ ਦਿੱਤੀ ਸੀ। ਬਾਅਦ ਵਿੱਚ 1979 ਵਿੱਚ ਜਨਰਲ ਜ਼ਿਆ-ਉਲ-ਹਕ ਨੇ ਸ਼ਰਾਬ ਨੂੰ ਗੈਰ-ਇਸਲਾਮਕ ਐਲਾਨ ਕਰਦੇ ਹੋਏ ਇਸ ਕਾਨੂੰਨ ਨੂੰ ਹੋਰ ਸਖਤ ਬਣਾ ਦਿੱਤਾ ਸੀ।

## ਇੱਕ ਸਾਲ ਵਿੱਚ ਸੰਸਾਰਕ ਫੌਜੀ ਖਰਚ 2.6 ਫੀਸਦੀ ਵਧਿਆ

ਸਟਾਕਹੋਮ, 27 ਅਪ੍ਰੈਲ (ਪੋਸਟ ਬਿਊਰੋ)- ਦੁਨੀਆ ਵਿੱਚ ਕੋਰੋਨਾ ਮਹਾਮਾਰੀ ਦੇ ਬਾਵਜੂਦ ਹਥਿਆਰਾਂ ਦੀ ਦੌੜ ਜਾਰੀ ਹੈ। ਇਸ ਦਾ ਅੰਦਾਜ਼ਾ ਇਸੇ ਗੱਲ ਤੋਂ ਲੱਗ ਸਕਦਾ ਹੈ ਕਿ ਕੁੱਲ ਸੰਸਾਰਕ ਫੌਜੀ ਖਰਚ ਸਾਲ ਵਿੱਚ 150 ਲੱਖ ਕਰੋੜ ਰੁਪਏ ਵਧ ਗਿਆ। 2019 ਦੇ ਮੁਕਾਬਲੇ 2020 ਵਿੱਚ ਇਸ ਵਿੱਚ 2.6 ਫੀਸਦੀ ਦਾ ਵਾਧਾ ਹੋਇਆ ਹੈ।

ਸਟਾਕਹੋਮ ਇੰਟਰਨੈਸ਼ਨਲ ਪੀਸ ਰਿਸਰਚ ਇੰਸਟੀਚਿਊਟ (ਸਿਪਰੀ) ਦੀ ਤਾਜ਼ਾ ਰਿਪੋਰਟ ਵਿੱਚ ਕੀਤੇ ਦਾਅਵੇ ਦੇ ਮੁਤਾਬਕ ਪਿਛਲੇ ਸਾਲ ਫੌਜੀ ਖਰਚ ਉੱਤੇ ਦੇਸ਼ਾਂ ਨੇ 146 ਲੱਖ ਕਰੋੜ ਰੁਪਏ ਖਰਚ ਕੀਤੇ। 2009 ਵਿੱਚ ਮੰਦੀ ਦੇ ਬਾਅਦ ਇਹ ਸਭ ਤੋਂ ਵੱਡਾ ਸਾਲਾਨਾ ਵਾਧਾ ਹੈ। 2020 ਵਿੱਚ ਪੰਜ ਸਭ ਤੋਂ ਵੱਧ



ਫੌਜੀ ਖਰਚ ਕਰਨ ਵਾਲੇ ਦੇਸ਼ਾਂ ਵਿੱਚ ਅਮਰੀਕਾ, ਚੀਨ, ਭਾਰਤ, ਰੂਸ ਤੇ ਬ੍ਰਿਟੇਨ ਸ਼ਾਮਲ ਹਨ। ਇਨ੍ਹਾਂ ਨੇ ਕੁੱਲ ਫੌਜੀ ਖਰਚ ਦਾ 62 ਫੀਸਦੀ ਖਰਚ ਕੀਤਾ ਹੈ। ਇਸ ਦੌਰਾਨ, ਚੀਨ ਨੇ ਫੌਜੀ ਖਰਚ ਲਗਾਤਾਰ 26ਵੇਂ ਸਾਲ ਵਧਾਇਆ ਹੈ।ਸਿਪਰੀ ਦੇ ਮੁਤਾਬਕ ਭਾਰਤ ਦਾ ਫੌਜੀ ਖਰਚ 2020 ਵਿੱਚ 2019 ਦੇ ਮੁਕਾਬਲੇ ਵਿੱਚ 2 ਫੀਸਦੀ ਵੱਧ ਰਿਹਾ। ਇਸ ਦੇ ਪਿੱਛੇ ਭਾਰਤ ਦੇ ਗੁਆਂਢੀ ਦੇਸ਼ਾਂ ਪਾਕਿਸਤਾਨ ਤੇ ਚੀਨ ਨਾਲ ਸਰਹੱਦੀ ਝਗੜਾ ਅਤੇ ਤਣਾਅ ਹੋ ਸਕਦਾ ਹੈ। ਸਿਪਰੀ ਦੇ ਹਥਿਆਰ ਅਤੇ ਫੌਜ ਖਰਚ ਪ੍ਰੋਗਰਾਮ ਦੇ ਖੋਜਕਰਤਾ ਡਾਕਟਰ ਡਿਏਗੋ ਲੋਪੇਸ ਡਸਿਲਵਾ ਦੇ ਮੁਤਾਬਕ ‘ਅਸੀਂ ਯਕੀਨੀ ਤੌਰ ਉੱਤੇ ਕਹਿ ਸਕਦੇ ਹਾਂ ਕਿ ਸਾਲ 2020 ਵਿੱਚ ਮਹਾਮਾਰੀ ਦਾ ਵੱਡਾ ਅਸਰ ਫੌਜੀ ਖਰਚ ਉੱਤੇ ਨਹੀਂ ਪਿਆ। ਇਹ ਦੇਖਣ ਲਾਇਕ ਹੋਵੇਗਾ ਕਿ ਕੀ ਮਹਾਮਾਰੀ ਦੇ ਦੂਸਰੇ ਸਾਲ ਵੀ ਇਸ ਤਰ੍ਹਾਂ ਦੇ ਦੇਸ਼ ਫੌਜੀ ਖਰਚ ਨੂੰ ਬਣਾਈ ਰੱਖਦੇ ਹਨ।'

## ਭਾਰਤੀ ਮੂਲ ਦੇ ਤਿੰਨ ਵਪਾਰੀਆਂ ਉਤੇ ਬ੍ਰਿਟੇਨ ਨੇ ਪਾਬੰਦੀ ਲਾਈ

ਲੰਡਨ, 27 ਅਪ੍ਰੈਲ (ਪੋਸਟ ਬਿਊਰੋ)- ਬ੍ਰਿਟੇਨ ਦੀ ਸਰਕਾਰ ਨੇ ਕੱਲ੍ਹ ਭਾਰਤੀ ਮੂਲ ਦੇ ਤਿੰਨ ਵਪਾਰੀਆਂ ਸਮੇਤ 22 ਲੋਕਾਂ ਉੱਤੇ ਪਾਬੰਦੀ ਲਾ ਦਿੱਤੀ। ਇਨ੍ਹਾਂ ਉੱਤੇ ਦੁਨੀਆ ਦੇ ਸਭ ਤੋਂ ਗੰਭੀਰ ਭ੍ਰਿਸ਼ਟਾਚਾਰ ਦੇ ਕੇਸਾਂ ਦਾ ਦੋਸ਼ ਹੋਣ ਕਾਰਨ ਬ੍ਰਿਟੇਨ ਦੇ ਬੈਂਕਾਂ ਵਿੱਚੋਂ ਪੈਸੇ ਕਢਵਾਉਣ ਜਾਂ ਦੇਸ਼ ਵਿੱਚ ਦਾਖਲ ਹੋਣ ਦੀ ਪਾਬੰਦੀ ਲਾ ਦਿੱਤੀ ਗਈ ਹੈ। ਕਾਰੋਬਾਰੀ ਭਰਾਵਾਂ ਅਜੈ, ਅਤੁਲ ਤੇ ਰਾਜੇਸ਼ ਗੁਪਤਾ ਨੂੰ ਦੱਖਣੀ ਅਫਰੀਕਾ ਵਿੱਚ ਭ੍ਰਿਸ਼ਟਾਚਾਰ ਕੇਸ ਵਿੱਚ ਉਨ੍ਹਾਂ ਦੀ ਭੂਮਿਕਾ ਬਾਰੇ ਪਾਬੰਦੀ ਲਗਾਈ ਗਈ ਹੈ। ਇਨ੍ਹਾਂ ਦੇ ਨਾਲ ਰੂਸ ਦੇ ਟੈਕਸ ਕੇਸ ਵਿੱਚ ਧੋਖਾਧੜੀ ਕਰਨ ਵਾਲਿਆਂ, ਲਾਤਿਨ ਅਮਰੀਕੀ ਰਿਸ਼ਵਤ ਕੇਸ ਨਾਲ ਜੁੜੇ ਲੋਕਾਂ ਅਤੇ ਸੂਡਾਨ ਦੇ ਵਪਾਰੀ ਉੱਤੇ ਵੀ ਪਾਬੰਦੀ ਲਾਈ ਗਈ ਹੈ। ਇਹ ਸਾਰਿਆਂ ’ਤੇ ਨਵੇਂ ਸੰਸਾਰਕ ਭ੍ਰਿਸ਼ਟਾਚਾਰ ਵਿਰੋਧੀ





ਪਾਬੰਦੀ ਨਿਯਮਾਂਹੇਠਕਦਮ ਓਠਾਏ ਗਏ ਹਨ। ਇਸ ਹੇਠ ਬ੍ਰਿਟੇਨ ਨੂੰ ਭ੍ਰਿਸ਼ਟ ਯੂਨਿਟਾਂ ਉੱਤੇ ਪਾਬੰਦੀ ਲਾਉਣ ਅਤੇ ਬ੍ਰਿਟੇਨ ਦੀ ਅਰਥਵਿਵਸਥਾ ਤੋਂ ਲਾਭ ਲੈਣ ਬਾਰੇ ਕਾਰਵਾਈ ਕਰਨ ਦਾ ਅਧਿਕਾਰ ਮਿਲਿਆ ਹੈ। ਬ੍ਰਿਟੇਨ ਦੇ ਵਿਦੇਸ਼ ਮੰਤਰੀ ਡੋਮਨਿਕ ਰਾਬ ਨੇ ਕਿਹਾ ਕਿ ਭ੍ਰਿਸ਼ਟਾਚਾਰ ਦਾ ਉਲਟ ਪ੍ਰਭਾਵ ਹੈ ਕਿਉਂਕਿ ਇਹ ਵਿਕਾਸ ਵਿੱਚ ਰੁਕਾਵਟ ਪਾਉਂਦਾ ਹੈ, ਗਰੀਬ ਦੇਸ਼ਾਂ ਤੋਂ ਪੈਸੇ ਨੂੰ ਬਾਹਰ ਕੱਢਦਾ ਹੈ ਅਤੇ ਉਨ੍ਹਾਂ ਦੇ ਲੋਕਾਂ ਨੂੰ ਗਰੀਬੀ ਵਿੱਚ ਫਸਾਈ ਰੱਖਦਾ ਹੈ।

## ਗੱਲਬਾਤ ਦੇ ਨਾਂਅ ’ਤੇ ਪਾਕਿ ਨੇ ਫਿਰ ਕਸ਼ਮੀਰ ਦਾ ਰਾਗ ਅਲਾਪਿਆ

ਇਸਲਾਮਾਬਾਦ, 27 ਅਪ੍ਰੈਲ (ਪੋਸਟ ਬਿਊਰੋ)- ਪਾਕਿਸਤਾਨ ਦੇ ਇਰਾਦੇ ਭਾਰਤ ਨਾਲ ਨਾ ਸੰਬੰਧ ਆਮ ਵਾਂਗ ਕਰਨ ਦੇ ਹਨ ਤੇ ਨਾ ਅੱਤਵਾਦ ਦਾ ਰਾਹ ਛੱਡਣ ਦੇ। ਏਸੇ ਲਈ ਸਾਰੇ ਵੱਡੇ ਨੇਤਾਵਾਂ ਦੇ ਬੋਲ ਕਸ਼ਮੀਰ ਉੱਤੇ ਆ ਕੇ ਅਟਕ ਜਾਂਦੇ ਹਨ। ਪ੍ਰਧਾਨ ਮੰਤਰੀ ਤੇ ਰਾਸ਼ਟਰਪਤੀ ਤੋਂ ਬਾਅਦ ਉਨ੍ਹਾਂ ਦੇ ਮੰਤਰੀ ਵੀ ਇਹੀ ਭਾਸ਼ਾ ਬੋਲ ਰਹੇ ਹਨ।

ਕੱਲ੍ਹ ਪਾਕਿਸਤਾਨ ਦੇ ਵਿਦੇਸ਼ ਮੰਤਰੀ ਸ਼ਾਹ ਮੁਹੰਮਦ ਕੁਰੈਸ਼ੀ ਨੇ ਕਿਹਾ ਹੈ ਕਿ ਪਾਕਿਸਤਾਨ ਭਾਰਤ ਨਾਲ ਸਾਰੇ ਵਿਵਾਦਾਂ ਉੱਤੇ ਗੱਲਬਾਤ ਜ਼ਰੀਏ ਹੱਲ ਕਰਨਾ ਚਾਹੁੰਦਾ ਹੈ। ਭਾਰਤ ਨੂੰ ਪਹਿਲਾਂ ਪੰਜ ਅਗਸਤ 2019 ਨੂੰ ਕਸ਼ਮੀਰ ਦੇ ਸਬੰਧ ਵਿੱਚ



ਲਏ ਫੈਸਲਿਆਂ ਉੱਤੇ ਮੁੜ ਵਿਚਾਰ ਕਰਨਾ ਚਾਹੀਦਾ ਹੈ। ਭਾਰਤ ਨੇ ਓਦੋਂ ਜੰਮੂ-ਕਸ਼ਮੀਰ ਵਿੱਚ ਧਾਰਾ 370 ਹਟਾਉਣ ਸਮੇਤ ਕਈ ਫੈਸਲੇ ਕੀਤੇ ਸਨ।ਤੁਰਕੀ ਦੇ ਮੀਡੀਆ ਨਾਲ ਗੱਲਬਾਤ ਕਰਦੇ ਹੋਏ ਪਾਕਿਸਤਾਨੀ ਵਿਦੇਸ਼ ਮੰਤਰੀ ਨੇ ਕਿਹਾ ਕਿ ਭਾਰਤ ਨਾਲ ਗੱਲਬਾਤ ਵਿੱਚ ਸਾਨੂੰ ਕੋਈ ਪ੍ਰੇਸ਼ਾਨੀ ਨਹੀਂ, ਗੱਲਬਾਤ ਲਈ ਉਸ ਨੂੰ ਕਸ਼ਮੀਰ ਉੱਤੇ ਪਹਿਲਾਂ ਵਿਚਾਰ ਕਰਨਾ ਚਾਹੀਦਾ ਹੈ। ਸ਼ਾਹ ਮਹਿਮੂਦ ਨੇ ਕਿਹਾ ਕਿ ਪਾਕਿਸਤਾਨ ਤੇ ਭਾਰਤ ਵਿਚਾਲੇ ਕਈ ਅਜਿਹੇ ਮੁੱਦੇ ਹਨ, ਜਿਨ੍ਹਾਂ ਉੱਤੇ ਗੱਲਬਾਤ ਕਰ ਕੇ ਹੱਲ ਕੱਢਿਆ ਜਾ ਸਕਦਾ ਹੈ। ਕਸ਼ਮੀਰ, ਸਿਆਚਿਨ, ਸਰਕ੍ਰੀਕ ਤੇ ਪਾਣੀ ਸਮੇਤ ਕਈ ਮੁੱਦਿਆਂ ਉੱਤੇ ਅਸੀਂ ਗੱਲਬਾਤ ਲਈ ਤਿਆਰ ਹਾਂ। ਵਿਦੇਸ਼ ਮੰਤਰੀ ਨੇ ਕਿਹਾ ਕਿ ਅਸੀਂ ਜੰਗ ਨਹੀਂ ਚਾਹੁੰਦੇ, ਇਸ ਨਾਲ ਦੋਵੇਂ ਦੇਸ਼ ਮਿੱਟ ਜਾਣਗੇ। ਅਸੀਂ ਸਾਰੇ ਮੁੱਦਿਆਂ ਦਾ ਸ਼ਾਂਤੀ ਨਾਲ ਗੱਲ ਕਰ ਕੇ ਹੱਲ ਚਾਹੁੰਦੇ ਹਾਂ। ਪਿੱਛੇ ਜਿਹੇ ਦੋਵਾਂ ਦੇਸ਼ਾਂ ਨੇ ਸੀਜ਼ ਫਾਇਰ ਉੱਤੇ ਸਹਿਮਤੀ ਬਣਾ ਕੇ ਇੱਕ ਦੂਜੇ ਨੂੰ ਚੰਗਾ ਸੰਕੇਤ ਦਿੱਤਾ ਹੈ।

## ਮਈ ਅੱਧ ਤੱਕ ਭਾਰਤ ਵਿੱਚ 38 ਤੋਂ 48 ਲੱਖ ਐਕਟਿਵ ਕੋਰੋਨਾ ਕੇਸ ਹੋਣ ਦਾ ਖਤਰਾ

ਨਵੀਂ ਦਿੱਲੀ, 27 ਅਪ੍ਰੈਲ (ਪੋਸਟ ਬਿਊਰੋ)- ਇੰਡੀਅਨ ਇੰਸਟੀਚਿਊਟ ਆਫ ਟੈਕਨਾਲੋਜੀ (ਆਈ ਆਈ ਟੀ) ਦੇ ਵਿਗਿਆਨੀਆਂ ਨੇ ਅਨੁਮਾਨ ਵਿੱਚ ਸੋਧ ਕਰਦੇ ਹੋਏ ਇੱਕ ਗਿਣਤੀ ਮਾਡਲ ਦੇ ਆਧਾਰ ਉੱਤੇ ਕਿਹਾ ਹੈ ਕਿ ਭਾਰਤ ਵਿੱਚ ਕੋਰੋਨਾ ਦੀ ਦੂਜੀ ਲਹਿਰ ਦੌਰਾਨ ਐਕਟਿਵ ਕੇਸਾਂ ਦੀ ਗਿਣਤੀ 14 ਤੋਂ 18 ਮਈ ਤੱਕ ਸਿਖਰ ਉੱਤੇ ਪਹੁੰਚ ਕੇ 38-48 ਲੱਖ ਹੋ ਸਕਦੀ ਹੈ। ਚਾਰ ਤੋਂ ਅੱਠ ਮਈ ਤੱਕ ਇਨਫੈਕਸ਼ਨ ਦੇ ਰੋਜ਼ਾਨਾ ਕੇਸਾਂ ਦੀ ਗਿਣਤੀ 4.4 ਲੱਖ ਤੱਕ ਜਾ ਸਕਦੀ ਹੈ, ਜਿਸ ਦੇ ਅੰਕੜਿਆਂ ਤੋਂ ਚਿੰਤਾ ਦੀ ਲਹਿਰ ਫੈਲ ਸਕਦੀ ਹੈ।

ਆਈ ਆਈ ਟੀ ਕਾਹਨਪੁਰ ਅਤੇ ਹੈਦਰਾਬਾਦ ਦੇ ਵਿਗਿਆਨੀਆਂ ਨੇ ‘ਸੂਤਰ' (ਸਸੈਪਟੀਬਲ, ਅਨਡਿਟੈਕਟਿਡ, ਟੈਸਟਿਡ ਅਤੇ ਰਿਮੂਵਡ) ਨਾਂਅ ਦੇ ਮਾਡਲ ਦੀ ਵਰਤੋਂ ਕਰ ਕੇ ਕਿਹਾ ਹੈ ਕਿ ਮਈ ਦੇ ਮੱਧ ਤੱਕ ਜ਼ੇਰੇ ਇਲਾਜ ਕੇਸਾਂ ਦੀ ਗਿਣਤੀ ਵਿੱਚ 10 ਲੱਖ ਤੋਂ ਵੱਧ ਦਾ ਵਾਧਾ ਹੋ ਸਕਦਾ ਹੈ।ਨਵੇਂ ਅਨੁਮਾਨਾਂ ਵਿੱਚ ਸਮਾਂ ਸੀਮਾ ਅਤੇ ਕੇਸਾਂ ਦੀ ਗਿਣਤੀ ਵਿੱਚ ਸੁਧਾਰ ਕੀਤਾ ਗਿਆ ਹੈ। ਪਿਛਲੇ ਹਫਤੇ ਮਾਹਰਾਂ ਦਾ ਅਨੁਮਾਨ ਸੀ ਕਿ ਮਹਾਮਾਰੀ 11 ਤੋਂ 15 ਮਈ ਤੱਕ ਸਿਖਰ ਉੱਤੇ ਪਹੁੰਚ ਸਕਦੀ ਹੈ ਅਤੇ ਜ਼ੇਰੇ ਇਲਾਜ ਕੇਸਾਂ ਦੀ ਗਿਣਤੀ 33-35 ਲੱਖ ਤੱਕ ਹੋ ਸਕਦੀ ਹੈ। ਮਈ ਦੇ ਅੰਤ ਤੱਕ ਇਸ ਤੇਜ਼ੀ ਵਿੱਚ ਕਮੀ ਆਏਗੀ।ਇਸ ਮਹੀਨੇ ਦੇ ਸ਼ੁਰੂ ਵਿੱਚ ਵਿਗਿਆਨੀਆਂ ਦੀ ਰਾਏ ਸੀ ਕਿ ਦੇਸ਼ ਵਿੱਚ 15 ਅਪ੍ਰੈਲ ਤੱਕ ਜ਼ੇਰੇ ਇਲਾਜ ਕੇਸਾਂ ਦੀ ਗਿਣਤੀ ਸਿਖਰ ਉੱਤੇ ਹੋਵੇਗੀ, ਪਰ ਇਹ ਗੱਲ ਸੱਚ ਸਾਬਤ ਨਹੀਂ ਹੋਈ।

## ਨੈਨੀ ਦੀ ਲੋੜ

Queen and credit view area ਵਿਚ ਘਰ ਦਾ ਕੰਮਕਾਰ ਕਰਨ ਲਈ ਨੈਨੀ ਦੀ ਲੋੜ ਹੈ। 50 ਸਾਲ ਤੋਂ ਉਪਰ ਉਮਰ ਦੀ ਔਰਤ ਹੀ ਸੰਪਰਕ ਕਰੇ।

ਸੰਪਰਕ:- 416-556-6884

## ਕਾਮਿਆਂ ਦੀ ਲੋੜ

ਇਕ construction ਕੰਪਨੀ ਨੂੰ ਕੁਝ ਕਾਮਿਆਂ ਦੀ ਤੁਰੰਤ ਲੋੜ ਹੈ। ਤੁਹਾਡੇ ਕੋਲ ਤਜ਼ਰਬਾ ਹੈ ਚਾਹੇ ਨਹੀਂ ਤਾਂ ਵੀ ਤੁਸੀਂ ਜੁਆਇਨ ਕਰ ਸਕਦੇ ਹੋ। ਵਧੀਆ ਤਨਖਾਹ, ਵਧੀਆ ਘੰਟੇ ਦਿੱਤੇ ਜਾਣਗੇ

6472055909, 9057897783

WANTED
Panjabi Nannies, Caregivers, Cleaning ladies and Cooks for GTA. Please contact at the earliest at:
416-275-7010

A/Z CITY DRIVER WANTED
INNOVATION Transportation
◦A/Z City Drivers Needed
◦Good Pay and good Mileage
◦Day, Afternoon & Weekend Shifts
◦Weekly Pay
$22 /Hour
◦7 Days Work ◦All Shifts Available
Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

ਜੌਬਸ: ਫਾਰਮ ਵਿਚ ਕੰਮ ਕਰਨ ਲਈ ਬਰੈਂਪਟਨ ਅਤੇ ਮਿਸੀਸਾਗਾ ਦੇ ਏਰੀਆ ਤੋਂ ਮਰਦਾਂ ਅਤੇ ਔਰਤਾਂ ਦੀ ਜਰੂਰਤ ਹੈ। ਜਿਆਦਾ ਜਾਣਕਾਰੀ ਲਈ ਸੰਪਰਕ ਕਰੋ।
ਸੁਖਦੀਪ ਗਿੱਲ : 647-949-2904


# ਕੈਨੇਡੀਅਨ ਪੰਜਾਬੀ ਪੋਸਟ CLASSIFIEDS

Award winning news paper | Canadian Punjabi Post
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ ਕਾਲ ਕਰੋ: 905-793-2202

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
$1,000
Services: • Complete Basement • Tiles • Bathrooms • Plumbing • Laminate • Hardwood Floor • Painting
info@a1renovationgta.com
www.a1renovationgta.com
A-1 RENOVATION GTA INC.
22 Listcreek Road, Brampton L6p 2n6

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE WITH WARRANTY
SERVING GTA
CALL :416-822-2590
Ants, Wasp, Centepede, Fleas, Bed Bugs

You can Place Your Business Here (905)793-2202

WWW.KULWINDERCHHINA.COM



KULWINDERCHHINA
BROKER
647.293.2327

ਸਸਤੀਆਂ ਹਵਾਈ ਟਿਕਟਾ ਅਤੇ ਭਰੋਸੇਯੋਗ ਸੇਵਾਵਾਂ ਲੈਣ ਲਈ ਨਿਊ-ਵੇ ਨੂੰ ਕਾਲ ਕਰੋ
NU WAY TOUR & TRAVELS INC.
AIR TICKETS | CRUISES | VACATIONS | TRAVEL INSURANCE
International & Domestic Air Tickets
• Cheapest Air Fares
• Price Match Guaranteed
• 24/7 Emergency Services
• Reliable & Excellent Customer Service
• 100% Customer Satisfaction
Travel Worry Free With Insurance
• Super Visa Insurance
• Visitor to Canada
• Trip Cancellation
• Trip Interruption
Manulife



Call Us For Guaranteed Lowest Airfare
ANY Airline Time Destination Around the World
7015 Tranmere Dr. Unit- 8, Mississauga, ON L5S 1T7
Tel: 905 362 0937 | Fax: 1 855 897 0900
www.nuwaytravels.com E-mail- info@nuwaytravels.com



Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202

## ਲੜਕੀ ਦੀ ਲੋੜ

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6'2'', ਜੋ ਕਿ ਆਸਟ੍ਰੇਲੀਆ 'ਚ ਸਟੱਡੀ ਵੀਜ਼ੇ 'ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ 'ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ 'ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਕੈਨੇਡਾ ਵਿੱਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਸੰਪਰਕ: 9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

## ਲੜਕੀ ਦੀ ਲੋੜ

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9'' ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੇਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

ਵੈੱਲ ਸੈਟਲਡ ਪੰਜਾਬੀ ਅਰੋੜਾ ਪਰਿਵਾਰ ਦਾ ਪੀ.ਆਰ. ਲੜਕਾ, ਉਮਰ 34 ਸਾਲ, ਕੱਦ 6 ਫੁੱਟ, ਐਮ ਕੌਮ, ਐੱਲ.ਐੱਲ.ਬੀ., ਜੋ ਕਿ ਕਦੇ ਸਿਗਰਟ ਨਹੀਂ ਪੀਂਦਾ, ਸ਼ਾਕਾਹਾਰੀ, ਜਿਸਦਾ ਕਿ ਵਿਆਹ ਦੇ ਥੋੜੇ ਸਮੇਂ ਬਾਅਦ ਹੀ ਕਾਨੂੰਨੀ ਤੌਰ ਉਤੇ ਤਲਾਕ ਹੋ ਚੁੱਕਾ ਹੈ। ਨੋ ਰਿਲੇਸ਼ਨਸ਼ਿਪ, ਲੜਕਾ ਲੀਡਿੰਗ ਕੈਨੇਡੀਅਨ ਬੈਂਕ ਵਿਚ ਅਫਸਰ ਦੇ ਤੌਰ ਉਤੇ ਕੰਮ ਕਰ ਰਿਹਾ ਹੈ, ਲਈ ਪੜ੍ਹੀ ਲਿਖੀ ਕੈਨੇਡਾ/ਅਮਰੀਕਾ ਵਿਚ ਰਹਿੰਦੇ ਪਰਿਵਾਰ ਦੀ ਜੰਮਪਲ ਪਰਿਵਾਰਕ ਲੜਕੀ ਜਾਂ ਨਿਊ ਇਮੀਗ੍ਰਾਂਟ, ਪੀ.ਆਰ., ਸਟੂਡੈਂਟ, ਵਰਕ ਪਰਮਿਟ ਉਤੇ ਕੰਮ ਕਰ ਰਹੀ ਲੜਕੀ ਦੀ ਲੋੜ ਹੈ। ਬਹੁਤ ਘੱਟ ਸਮੇਂ ਲਈ ਵਿਆਹੀ ਜਾਂ ਕੁਆਰੀ ਲੜਕੀ ਨੂੰ ਪਹਿਲ। ਬਾਇਉਡਾਟਾ, ਫੋਟੋ ਜਾਂ ਵਟਸਐਪ ਕਾਲ ਕਰਨ ਲਈ ਸੰਪਰਕ: +1 9734209701 ਜਾਂ ਈਮੇਲ- ssjuneja@gmail.com

* ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 4 ਇੰਚ ਲਈ ਪਰਿਵਾਰਕ ਲੜਕੀ ਦੀ ਲੋੜ ਹੈ। ਲੜਕਾ ਪਿਛਲੇ 6 ਸਾਲਾਂ ਤੋਂ ਕੁਕਿੰਗ ਦਾ ਕੰਮ ਕਰਦਾ ਹੈ ਤੇ ਕੈਨੇਡਾ ਵਿਚ ਵਿਜ਼ਿਟਰ ਵੀਜ਼ੇ ਉਤੇ ਕੈਂਬਰਿਜ ਗੁਰਦੁਆਰਾ ਸਾਹਿਬ ਵਿਖੇ ਕੁੱਕ ਦੀ ਸੇਵਾ ਕਰਦਾ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰ੍ਹੋ:- 647-852-7532 ਅਤੇ 647-637-4035

* ਹਿੰਦੂ ਖਤਰੀ ਲੜਕਾ, ਕੱਦ 5'8'', ਉੱਮਰ 28 ਸਾਲ, ਰੰਗ ਸਾਫ, ਯੋਗਤਾ ਬੈਚਲਰ ਇਨ ਹੋਸਪੀਟੇਲਟੀ ਮਨੇਜਮੈਂਟ। ਓਬਰਾਏ, ਤਾਜ ਵਰਗੇ ਚੰਗੀ ਕੰਪਨੀਆਂ ਵਿਚ 8 ਸਾਲ ਕੰਮ ਦਾ ਤਜ਼ਰਬਾ ਅਤੇ ਇੰਡੀਆ ਵਿੱਚ ਚੰਗੀ ਜੋਬ ਕਰਦੇ ਲੜਕੇ ਲਈ ਕੈਨੇਡੀਅਨ ਪੀ ਆਰ ਜਾਂ ਵਰਕ ਪਰਮਟ ਹੋਲਡਰ ਲੜਕੀ ਦੀ ਲੋੜ ਹੈ। ਪੰਜਾਬ ਭਾਖੜਾ ਨੰਗਲ ਨਾਲ ਸੰਬੰਧ ਰੱਖਦੇ ਹਨ। ਵਧੇਰੀ ਜਾਣਕਾਰੀ ਲਈ ਕਾਲ ਜਾਂ ਵਟਸਐਪ ਕਰੋ:+91-94173-58712

* ਸੁਨਿਆਰਾ ਲੜਕਾ, ਉੱਮਰ 25 ਸਾਲ, ਕੱਦ 5'8'', ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ। ਕਾਲ : 647-739-3600 ।

* ਅਰੋੜਾ ਸਿੱਖ ਲੜਕਾ, ਉੱਮਰ 36 ਸਾਲ, ਕੱਦ 5'11',ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੋ ਵੱਧ ਉਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

* ਜੱਟ ਸਿੱਖ ਲੜਕਾ, ਉੱਮਰ 27 ਸਾਲ, ਕੱਦ 5'11'', ਕੈਨੇਡਾ ਵਿੱਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

* ਜੱਟ ਸਿੱਖ ਲੜਕਾ, ਉੱਮਰ 28 ਸਾਲ, ਕੱਦ 5'7'', ਕੈਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿੱਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂਨੂੰਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

ਇਕਲੌਤਾ ਲੜਕਾ ਅਰੋੜਾ ਖੱਤਰੀ ਸਿੰਘ, ਵੈਸ਼ਨੂੰ ਪਰਿਵਾਰ, ਪੂਰਨ ਗੁਰ ਸਿੱਖ, ਉਮਰ 24 ਸਾਲ, ਕੱਦ 5 ਫੁਟ 7 ਇੰਚ, ਇੰਗਲੈਂਡ ਦਾ ਚਾਰ ਸਾਲ ਦਾ ਸਟੱਡੀ ਵੀਜ਼ਾ ਮਿਲਿਆ ਹੋਇਆ ਹੈ, ਲਈ ਲੜਕੀ ਦੀ ਲੋੜ ਹੈ। ਮਾਤਾ ਆਸਟ੍ਰੇਲੀਆ ਵਿਚ ਨੈਨੀ ਬੇਸ 'ਤੇ ਗਈ ਹੈ, 2 ਸਾਲ ਦਾ ਵਰਕ ਪਰਮਿਟ। ਪਿਤਾ ਕਰੰਸੀ ਬਦਲੀ ਦਾ ਕੰਮ ਕਰਦਾ ਹੈ, ਪੰਜ ਦੁਕਾਨਾਂ ਕਿਰਾਏ ਉਤੇ ਹਨ, ਰੋਜ਼ ਦੀ 5000 ਆਮਦਨ। ਮੋਗਾ ਇਲਾਕੇ ਨੂੰ ਪਹਿਲ। ਸੰਪਰਕ : ਕੈਪਟਨ ਇਕਬਾਲ ਸਿੰਘ 647-631-9445

## ਲੜਕੇ ਦੀ ਲੋੜ

Beautiful,well educated, 28 years old Punjabi Lubana girl, BSc software engineering from London England,project management from Canada,currently working with Suncor Company,PR IN CANADA. Looking for Sikh Sardar well educated Boy,cast no Bar,from Canada. Contact number 3238 470 404

**"Jat Sikh family seeking suitable match for their daughter 37 year 6 ft. tall, well versed with both cultures. Born & raised in Canada, did her medicine degree & residency (double in Emergency & Internal Medicine) in USA. A green card holder and willing to come to Canada as the opportune prevail. Please contact (519) 351-8043 or B200348@gmail.com"**

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

ਜੱਟ ਸਿੱਖ ਲੜਕੀ, 35 ਸਾਲ, ਕੱਦ 5'3'', ਵਿਜੀਟਰ ਵੀਜ਼ੇ ਤੇ ਆਈ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਪੀ ਆਰ ਲੜਕੇ ਦੀ ਲੋੜ ਹੈ। ਕਾਲ 647-456-1772



905-793-2202
ਪੰਜਾਬੀ ਪੋਸਟ

## ਲੜਕੇ ਦੀ ਲੋੜ

Looking for suitable gursikh match for Ramdasia girl, height 5.6' fair. Completed master degree in IT from British Columbia. Currently working as a Cyber security analyst in Vancouver, BC. Permanent residency is expected soon. Sister,brother and nanka family is settled in canada. Mother is central govt employee in chandigarh. No Caste bar. Preference from within canada and America.PR or Citizen preferred. Call after 5pm and weekends at 416 721 5191.

Seeking a Boy for Beautiful, well educated, Mumbai Born and Raised 5' 2", 27 years old Sikh Ramgarhia girl. Completed Masters in Commerce and Currently a Lecturer at a Prominent College in Mumbai. Looking for a well-educated Boy, cast no Bar, from Canada or US. Contact 416 524 7330

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

ਜੱਟ ਸਿੱਖ ਗਿਲ ਲੜਕੀ, ਜਨਮ 1991, ਕੱਦ 5'-4'', Btech Electrical, ਕੈਨੇਡੀਅਨ ਪੀ ਆਰ ਲਈ ਗੁਰਸਿੱਖ, ਪੜੇ ਲਿੱਖੇ ਅਤੇ ਸੈਟਲਡ ਲੜਕੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਇੰਡੀਆ ਵਿੱਚ ਰਹਿੰਦਾ ਹੈ। ਇੰਡੀਆ ਰਹਿੰਦੇ ਲੜਕੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ ਕਰੋ: +91-94640-34653

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਸਿੱਖ ਲੜਕੀ, ਉਮਰ 24 ਸਾਲ, ਕੱਦ 5 ਫੁਟ 3 ਇੰਚ, ਇੰਡੀਆ ਵਿਚ ਰਹਿੰਦੀ, ਯੋਗਤਾ ਐਮ.ਕਾਮ. ਤੇ ਕਾਲਜ ਵਿਚ ਲੈਕਚਰਾਰ ਦੀ ਨੌਕਰੀ ਕਰ ਰਹੀ ਹੈ। ਨੈਨੀ ਦਾ ਕੋਰਸ ਕੀਤਾ ਹੋਇਆ ਹੈ। ਰੰਗ ਸਾਫ਼, ਸੋਹਣੀ ਸੁਨੱਖੀ ਲੜਕੀ ਲਈ ਕੈਨੇਡੀਅਨ ਪੀ.ਆਰ. ਸਿੱਖ ਲੜਕੇ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਲੜਕੀ ਦੇ ਭੂਆ ਜੀ ਕੈਨੇਡਾ ਵਿਚ ਸੈਟਲਡ ਹਨ। ਸੰਪਰਕ: 905-749-1654



UPPAL LAW
IMMIGRATION SERVICES
* Visitor Visa
* Super Visa
* Study,Work,Visitor Extension Visa
* Spousal Applications
* Family Sponsorship
* Permanent Residence Card Renewal
* Citizenship Application
* All Invitation Letters
AVTAR UPPAL Manager
OTHER PRACTICES
* Criminal Law
* Family Law
* Power of Attorney
* Change of Name
* Notarization
* Travel Consent
* Affidavit
* Landlord and Tenant Matters
AMAN UPPAL Barrister,Solicitor
FREE Consultation
Tel: 905-500-1507
351 Parkhurst Square, # 16, Brampton,ON L6T 0C2, Fax: 905-672-7848
* PRIOR APPOINTMENT NECESSARY



ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ, ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

STARLANE PAINTING
Residential • Commercial • Industrial
• Hotel • Motel • Exterior • Interior • Spray Painting • Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

